# ਤੂਰਾਂ

821
ਣਦਲ-ਵ

...ਟੀ (ਰਜਿਸਟ੍ਡ)

...ਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

821
रस्किन
528 डे

2—3-4-61—30,000—C. P. and S. Pb, Patiala

Accn. No. ____________

Class No. ____________ Book No. ____________

Author ____________________________________

# LANGUAGE DEPARTMENT LIBRARY, PUNJAB.

1. Books are issued for............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

262—3-4-61—30,000—C. P andS. Pb. Patiala.

LANGUAGE DEPARTMENT

LIBRARY ACC. No. ______ PUNJAB.

Date Due

| Date of Issue | Date of Return | Date of Issue | Date of Return |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

Digitized by Panjab Digital Library | www.panjabdigilib.org

# ਵੰਗਾਂ

## ਨੰਦ ਲਾਲ ਨੂਰਪੁਰੀ

ਕਰਤਾ
ਚੰਗਿਆੜੇ ਤੇ ਜੀਊਂਦਾ ਪੰਜਾਬ

LIBRARY
ACC. No...
PATIALA

ਭਾਪੇ ਦੀ ਹੱਟੀ (ਰਜਿਸਟ੍ਰਡ)
ਮਾ: ਗਿਆਨੀ ਹਰਭਜਨ ਸਿੰਘ ਐਂਡ ਸਨਜ਼,
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

ਸਭ ਹੱਕ ਸਦਾ ਲਈ ਭਾਪੇ ਦੀ ਹੱਟੀ ਦੇ ਰਾਖਵੇਂ ਹਨ ।

## ਚੋਣਵੀਆਂ ਪੁਸਤਕਾਂ

| | |
|---|---|
| ਚੰਗਿਆੜੇ | ਨੂਰਪੁਰੀ |
| ਜੀਊਂਦਾ ਪੰਜਾਬ | ਨੂਰਪੁਰੀ |
| ਮਨ ਮੰਦਰ | ਸਾਬਰ |
| ਜੋਗਨ | ਸ਼ਰਫ਼ |
| ਹੀਰ ਸਿਆਲ | ਸ਼ਰਫ਼ |
| ਸ਼ਰਫ਼ ਹੁਲਾਰੇ | ਸ਼ਰਫ਼ |
| ਸ਼ਰਫ਼ ਨਿਸ਼ਾਨੀ | ਸ਼ਰਫ਼ |
| ਪੰਜਾਬਣ ਦੇ ਗੀਤ | ਹਰਭਜਨ ਸਿੰਘ |
| ਨੂਰੀ ਜੋਤਾਂ | ਅਵਤਾਰ ਸਿੰਘ |
| ਚਿਖਾ | ,, ,, |
| ਜ਼ਫ਼ਰ ਨਾਮਾ ਸਟੀਕ | ,, ,, |
| ਪਾਪ ਦੀ ਖੱਟੀ | ਨਾਨਕ ਸਿੰਘ |
| ਸੂਲਾਂ ਦੀ ਸੇਜ | ,, ,, |

58 G
821

ਇਕ ਵਾਰ ਦੀ ਆਗਿਆ ਸ. ਹਰਭਜਨ ਸਿੰਘ ਮਾਲਿਕ ਭਾਪੇ ਦੀ ਹੱਟੀ ਅੰਮ੍ਰਿਤਸਰ ਤੋਂ ਲੀਤੀ ।

ਪ੍ਰਕਾਸ਼ਕ—ਕਰਤਾਰ ਸਿੰਘ

ਮਾ. ਲੱਧਾ ਸਿੰਘ ਕਰਤਾਰ ਸਿੰਘ ਘੰਟਾ ਘਰ ਅੰਮ੍ਰਿਤਸਰ

Digitized by Panjab Digital Library | www.panjabdigilib.org

# ਭੂਮਿਕਾ

ਨੂਰਪੁਰੀ ਹੋਰਾਂ ਨੂੰ ਮੈਂ ਕੋਈ ਬਾਰਾਂ ਵਰ੍ਹਿਆਂ ਤੋਂ ਜਾਣਦਾ ਹਾਂ ਤੇ ਮੈਨੂੰ ਇਹ ਵੇਖਕੇ ਬੜੀ ਖ਼ੁਸ਼ੀ ਹੁੰਦੀ ਹੈ ਕਿ ਏਸ ਅਰਸੇ ਵਿਚ ਇਨ੍ਹਾਂ ਦੀ ਸ਼ਾਇਰੀ ਤਰੱਕੀ ਕਰਦੀ ਗਈ ਏ, ਏਥੋਂ ਤੀਕਰ ਕਿ ਹੁਣ ਮੈਂ ਬੜੇ ਯਕੀਨ ਨਾਲ ਕਹਿ ਸਕਨਾਂ ਕਿ ਆਪ ਪੰਜਾਬੀ ਸ਼ਾਇਰੀ ਦੀ ਪਹਿਲੀ ਸਫ਼ ਦੇ ਸ਼ਾਇਰਾਂ ਵਿਚੋਂ ਇਕ ਨੇ।

'ਨੂਰਪੁਰੀ' ਹੋਰਾਂ ਦੀ ਇਹ ਕਿਤਾਬ 'ਵੰਗਾਂ' ਪੰਜਾਬੀ ਸ਼ਾਇਰੀ ਨੂੰ ਇਕ ਮੰਜ਼ਲ ਹੋਰ ਅਗੇ ਲੈ ਗਈ ਏ, ਇਹ ਕਿਤਾਬ ਉਹਨਾਂ ਦੇ ਆਪਣੇ ਲਿਖੇ ਹੋਏ ਗੀਤਾਂ ਦਾ ਇਕ ਸੁਹਣਾ ਗੁਲਦਸਤਾ ਏ। ਇਨ੍ਹਾਂ ਗੀਤਾਂ ਵਿਚੋਂ ਮੈਂ ਆਪ ਬਹੁਤ ਸਾਰੇ ਪੜ੍ਹਕੇ ਦੇਖੇ ਨੇ ਇਹ ਰੂਹ ਦੀ ਗਿਜ਼ਾ ਨੇ। ਨੂਰਪੁਰੀ ਹੋਰਾਂ ਜੀਵਨ ਦੇ ਪਿਆਲੇ ਨੂੰ ਅੰਮ੍ਰਿਤ ਜਲ ਨਾਲ ਭਰਕੇ ਆਪਣੇ ਦੇਸ਼ ਦਿਆਂ ਤਸਿਆਂ ਨੂੰ ਪਿਆਣ ਦਾ ਸੋਹਣਾ ਯਤਨ ਕੀਤਾ ਏ। ਬਿਆਨ ਸੁਹਣਾ, ਵਿਚਾਰ ਉਚੇ ਤੇ ਤਰਜ਼ ਮਨਮੋਹਨੀ ਏ। ਮੈਨੂੰ ਇਹ ਵੇਖਕੇ ਬੜੀ ਖ਼ੁਸ਼ੀ ਹੋਈ ਏ ਕਿ ਨੂਰਪੁਰੀ ਹੋਰਾਂ ਇਕ ਨਵੀਂ ਤੇ ਅਨਮੁੱਲ ਸ਼ੈ ਇਕ ਨਵੇਂ ਤੇ ਅਨਮੁੱਲ ਤਰੀਕੇ ਨਾਲ ਪੇਸ਼ ਕੀਤੀ ਏ। ਜਿਹੜੀ ਸੋਭਾ ਆਪ ਨੇ ਆਪਣੀ ਪਹਿਲੀ ਕਤਾਬ ਚੰਗਿਆੜੇ ਲਿਖਕੇ ਹਾਸਲ ਕੀਤੀ ਸੀ, ਉਹਨੂੰ ਆਪ ਨਿਰਾ ਕਾਇਮ ਹੀ ਨਹੀਂ ਰੱਖ ਸਕੇ, ਸਗੋਂ ਪੰਜਾਬੀ ਲਿਟ੍ਰੇਚਰ ਵਿਚ ਆਪਣਾ ਨਾਮ ਮੋਟੀ ਕਲਮ ਨਾਲ ਲਿਖ ਦਿੱਤਾ ਏ। ਮੈਨੂੰ ਪੂਰਾ ਭਰੋਸਾ ਏ ਕਿ ਆਪ ਦੀ ਇਹ ਨਿੱਕੀ ਜਿਹੀ ਕਿਤਾਬ ਹਰਮਨ ਪਿਆਰੀ



Digitized by Panjab Digital Library | www.panjabdigilib.org

ਹੋਵੇਗੀ ਤੇ ਪੰਜਾਬ ਦੇ ਵੱਡੇ ਨਿਕੇ ਜਣੇ ਜ਼ਨਾਨੀਆਂ ਏਸ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਜੋਸ਼ਵਾ ਫਜ਼ਲ ਦੀਨ ਵਕੀਲ ਪ੍ਰੈਜ਼ੀਡੈਂਟ ਪੰਜਾਬ
ਪ੍ਰੋਵਿੰਨਸ਼ਲ ਕਾਨਫ੍ਰੰਸ ਲਾਹੌਰ

## ਤਆਰਫ

''ਨੂਰਪੁਰੀ ਸਾਹਿਬ ਦੇ ਗੀਤ, ਗੀਤ ਨਹੀਂ ਇਕ ਮਿਜ਼ਰਾਬ ਨੇ ਜਿਹੜੇ ਦਿਲਦੇ ਸੁਹਜ ਵਿਚੋਂ ਸੁੱਤੇ ਹੋਏ ਨਗ਼ਮਿਆਂ ਨੂੰ ਜਗਾਉਂਦੇ ਨ ਸ਼ਾਇਰ ਨੇ ਮੌਸੀਕੀ ਤੇ ਦਰਦ ਦੀ ਪਿਘਲੀ ਹੋਈ ਅੱਗ ਨੂੰ ਲਫ਼ਜ਼ਾਂ ਦੇ ਕੱਚ ਵਿਚ ਢਾਲਣ ਦੀ ਕੋਸ਼ਸ਼ ਕੀਤੀ ਏ, ਅਰ ਇਹ ਕੋਸ਼ਿਸ਼ ਕਾਫ਼ੀ ਹਦ ਤਕ ਕਾਮਯਾਬ ਏ। ਇਕ ਅਰਬੀ ਸ਼ਾਇਰ ਨੇ ਆਖਿਆ ਏ ਕਿ ਸ਼ਿਅਰ ਉਹ ਹੁੰਦਾ ਏ ਜਿਹੜਾ ਸਾਡੇ ਕੰਨਾਂ ਨੂੰ ਅੱਖੀਆਂ ਵਿਚ ਬਦਲ ਦੇਵੇ। 'ਨੂਰਪੁਰੀ' ਸਾਹਿਬ ਦੇ ਇਹ ਗੀਤ ਏਸ ਤਾਰੀਫ਼ ਤੇ ਪੂਰੇ ਉਤਰਦੇ ਨੇ। ਉਮੀਦ ਏ ਕਿ ਵੰਗਾਂ ਪੰਜਾਬੀ ਅਦਬ ਵਿਚ ਇਕ ਮੁਸਤਕਿਲ ਯਾਦਗਾਰ ਰਹੇਗੀ।

ਅਸ਼ਰਫ਼ ਰਿਆਜ਼ ਐਮ. ਏ.     ਲਾਇਲਪੁਰ
ਨਾਇਬ ਸਦਰ ਬਜ਼ਮ ਅਦਬ     ੧੨ ਅਗਸਤ ੧੯੪੦



Digitized by Panjab Digital Library | www.panjabdigilib.org

# ਧੰਨਵਾਦ

ਉਹਨਾਂ ਸਜਨਾਂ ਦਾ ਜਿਨ੍ਹਾਂ ਨੇ ਮੇਰੀ ਏਸ ਦਿਲ
ਦੀ ਤੜਪ ਨਾਲ ਦਿਲੋਂ ਹਮਦਰਦੀ
ਕੀਤੀ ਤੇ ਮੇਰੀ ਕਲਮ ਦੇ
ਵਿਲਕਦੇ ਬੁੱਲ੍ਹਾਂ ਨੂੰ
ਅੱਖੀਆਂ ਨਾਲ
ਚੁੰਮਿਆਂ।

ਉਹਨਾਂ ਦਾ

ਨੂਰਪੁਰੀ

Digitized by Panjab Digital Library | www.panjabdigilib.org

## ਚੰਗਿਆੜੇ

ਨੂਰਪੁਰੀ

ਇਸ ਪੁਸਤਕ ਵਿਚ ਨੂਰਪੁਰੀ ਜੀ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ।

## ਵੰਗਾਂ

ਨੂਰਪੁਰੀ

ਇਸ ਪੁਸਤਕ ਵਿਚ ਨੂਰਪੁਰੀ ਜੀ ਦੇ
ਚੋਣਵੇਂ ਗੀਤ ਇਕੱਠੇ ਕੀਤੇ ਗਏ ਹਨ

ਅੱਜ ਹੀ ਮੰਗਾਓ

ਪਤਾ—ਭਾਪੇ ਦੀ ਹੱਟੀ (ਰਜਿਸਟ੍ਰਡ)

ਮਾ: ਗਿਆਨੀ ਹਰਭਜਨ ਸਿੰਘ ਐਂਡ ਸਨਜ਼
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ



Digitized by Panjab Digital Library | www.panjabdigilib.org

# ਨੀ ਨਿਕੇ ਜਿਹੇ ਢੋਲ ਸਾਨੂੰ ਘਲੀਆਂ ਨੇ ਵੰਗਾਂ

ਵੰਗਾਂ ਵਿਚ ਦੂਰ ਦਿਆਂ,
ਵਾਸੀਆਂ ਦੀ ਯਾਦ ਆਈ
ਵੰਗਾਂ ਵਿਚ ਸਜਨਾਂ ਦੀ,
ਗੁਝੀ ਫਰਿਆਦ ਆਈ
ਵੰਗਾਂ ਵਿਚ ਨੈਣ ਨੇ
ਲਕੋ ਕੇ ਘੱਲੇ ਮੀਤ ਨੇ
ਵੰਗਾਂ ਵਿਚੋਂ ਝਾਕਦੇ
ਪ੍ਰੀਤ ਵਾਲੇ ਗੀਤ ਨੇ
ਵੰਗਾਂ ਛਣਕਾਉਂਦੀ ਮੈਂ
ਸ਼ਰੀਕਾਂ ਕੋਲੋਂ ਲੰਘਾਂ
ਨੀ ਨਿਕੇ ਜਿਹੇ ਢੋਲ
ਸਾਨੂੰ ਘਲੀਆਂ ਨੇ ਵੰਗਾਂ !
ਵੰਗਾਂ ਮੇਰੇ ਰੋਂਦੇ ਰੋਂਦੇ
ਅਥਰੂ ਵਹਾ ਦਿਤੇ
ਵੰਗਾਂ ਮੇਰੇ ਸੁੱਤੇ ਸੁੱਤੇ
ਜਜ਼ਬੇ ਜਗਾ ਦਿਤੇ



Digitized by Panjab Digital Library | www.panjabdigilib.org

ਗੋਰੇ ਰੰਗ ਉਤੇ ਵੰਗਾਂ
ਲਾਲ ਨੇ ਸੁਹਾਂਦੀਆਂ,
ਵੰਗਾਂ ਬਾਹਾਂ ਮੇਰੀਆਂ ਨੂੰ
ਜੱਫੀਆਂ ਨੇ ਪਾਂਦੀਆਂ
ਨੀ ਮਾਹੀ ਦੀ ਮੈਂ ਸੁਖ
ਨਿੱਤ ਰੱਬ ਕੋਲੋਂ ਮੰਗਾਂ
ਨੀ ਨਿਕੇ ਜਿਹੇ ਢੋਲ
ਸਾਨੂੰ ਘੱਲੀਆਂ ਨੇ ਵੰਗਾਂ !
ਵੰਗਾਂ ਮੇਰੀ ਉੱਜੜੀ ਜਵਾਨੀ
ਨੂੰ ਵਸਾਉਣ ਆਈਆਂ
ਵੰਗਾਂ ਮੇਰੇ ਵਿਹੜੇ ਨੂੰ ਸੁਹਾਗ,
ਭਾਗ ਲਾਉਣ ਆਈਆਂ
ਹੱਥੀਂ ਮੇਰੇ ਪਾ ਦੇ ਮਾਏ
ਵੰਗਾਂ ਸੂਹੀਆਂ ਲਾਲ ਨੀ ।
ਸਾਈਂ ਪੂਰੇ ਕਰੂ ਸਾਡੇ
ਦਿਲ ਦੇ ਸਵਾਲ ਨੀ
ਘੁੰਡ ਨਾ ਮੈਂ ਚੁੱਕਾਂ
'ਨੂਰਪੁਰੀ' ਕੋਲੋਂ ਸੰਗਾਂ !



Digitized by Panjab Digital Library | www.panjabdigilib.org

ਇਕ ਵੰਗਾਂ ਵਾਲਾ ਆਇਆ ਨੀ,
ਮੈਂ ਮਿੰਨਤਾਂ ਨਾਲ ਬੁਲਾਇਆ !

ਇਕ ਵੰਗਾਂ ਕੋਲ
ਸੁਨਹਿਰੀ ਨੀ
ਦੂਜੇ ਬਿਸੀਅਰ
ਨੈਣ ਨੇ ਛਹਿਰੀ
ਮੈਂ ਮਰ ਗਈ,
ਡੰਗ ਚਲਾਇਆ ਨੀ
ਇਕ ਵੰਗਾਂ ਵਾਲਾ
ਆਇਆ
ਮੈਂ ਮਿੰਨਤਾਂ ਨਾਲ
ਬੁਲਾਇਆ !
ਜਦ ਨਜ਼ਰ ਉਤਾਹਾਂ
ਕਰਦਾ ਨੀ
ਮੇਰਾ ਫੁਟਦਾ
ਜੋਬਨ ਚਰਦਾ
ਮੈਂ ਆਪਣਾ ਆਪ
ਲੁਟਾਇਆ ਨੀ
ਇਕ ਵੰਗਾਂ ਵਾਲਾ
ਆਇਆ !



Digitized by Panjab Digital Library | www.panjabdigilib.org

ਵੰਗਾਂ ਦੇ ਪਿੰਡੇ
ਚਿਲਕਣ ਨੀ,
ਅੱਖੀਆਂ ਦੇ ਦਿਲ
ਪਏ ਤਿਲਕਣ
ਉਹਨੇ ਲੂੰ ਲੂੰ ਜਾਦੂ
ਪਾਇਆ ਨੀ
ਇਕ ਵੰਗਾਂ ਵਾਲਾ
ਆਇਆ ਨੀ
ਮੈਂ ਮਿੰਨਤਾਂ ਨਾਲ
ਬੁਲਾਇਆ
ਇਕ ਵੰਗਾਂ ਵਾਲਾ
ਆਇਆ ਨੀ
ਪਾ ਵੰਗਾਂ ਲਾਹ
ਕਲੀਰੇ ਨੀ
ਤੂੰ 'ਨੂਰਪੁਰੀ' ਦੀਏ
ਹੀਰੇ
ਤੈਨੂੰ ਰੱਬਨੇ ਭਾਗ ਹੈ,
ਲਾਇਆ ਨੀ
ਇਕ ਵੰਗਾਂ ਵਾਲਾ
ਆਇਆ



Digitized by Panjab Digital Library | www.panjabdigilib.org

# ਤੇਰੇ ਰਸ ਭਰੇ ਨੇ ਨੈਣ

ਬੜੇ ਪਿਆਰੇ ਲਗਦੇ
ਜਦ ਆਰੀਆਂ ਬਣ ਵਗਦੇ,
ਜਾਂ ਰੋ ਰੋ ਹੌਕੇ ਲੈਣ
ਤੇਰੇ ਰਸ ਭਰੇ ਨੇ ਨੈਣ ।
ਐਡੇ ਨੇ ਕੋਈ ਰੱਬ ਦੇ ਪਿਆਰੇ,
ਪ੍ਰੇਮ ਨਦੀ ਜਾਂ ਠਾਠਾਂ ਮਾਰੇ
ਇਨ੍ਹਾਂ ਦੈ ਇਕ ਇਕ ਕਤਰੇ ਨੇ
ਮੇਰੇ ਡੁਬੇ ਬੇੜੇ ਤਾਰੇ
ਮੇਰੇ ਜ਼ਖ਼ਮ ਨੇ ਯਾਦ ਕਰਾਏ
ਅਥਰੂ ਸਿਟ ਕੇ ਖਾਰੇ ਖਾਰੇ



Digitized by Panjab Digital Library | www.panjabdigilib.org

ਵੇਖਿਆਂ ਬਾਝ ਨਾ ਨੈਣਾਂ ਦੇ ਹੁਣ
ਆਵੇ ਦਿਲ ਨੂੰ ਚੈਣ
ਤੇਰੇ ਰਸ ਭਰੇ ਨੇ ਨੈਣ।
ਪ੍ਰੇਮ ਦੀ ਮੂਰਤ ਰਬ ਦੀ ਸੂਰਤ
ਇਹ ਨੇ ਨਕਸ਼ ਖੁਦਾਈ
ਅਖੀਆਂ ਵਾਲਾ ਕੋਈ ਵਿਰਲਾ ਪੜ੍ਹਦਾ
ਡਾਹਢੇ ਦੀ ਕਲਮ ਵਗਾਈ,
ਪਰੇਮੀ ਬਣ ਜੇ ਰੋ ਨੇ ਜਾਂਦੇ
ਦਿਲ ਦੇ ਪਾਪ ਇਹ ਧੋ ਨੇ ਜਾਂਦੇ,
'ਨੂਰਪੁਰੀ' ਨੈਣਾਂ ਵਿਚ ਵਸ ਜਾ
ਇਹ ਉਹ ਦੇ ਬੁਤ ਹੈਣ
ਤੇਰੇ ਰਸ ਭਰੇ ਨੇ ਨੈਣ।



Digitized by Panjab Digital Library | www.panjabdigilib.org

## ਜਦ ਨੈਣ ਸਜਣ ਦੇ ਹੋਏ :
## ਫਿਰ ਘੁੰਡ ਵਿਚ ਕਿਉਂ ਲਕੋਏ

ਨਾ ਕਰ ਪੰਛੀ ਕੈਦ ਵਿਚਾਰੇ
ਕਿਉਂ ਮਿਰਗਾਂ ਤੇ ਜਾਲ ਖਿਲਾਰੇ
ਖੁਲ੍ਹੇ ਛਡ ਦੇ ਇਹ ਵਣਜਾਰੇ
ਇਹ ਅਥਰੂ ਭਰ ਭਰ ਰੋਏ
ਜਦ ਨੈਣ ਸਜਣ ਦੇ ਹੋਏ
ਫਿਰ ਘੁੰਡ ਵਿਚ ਕਿਉਂ ਲਕੋਏ
ਆ ਗਏ ਨੀ ਹੁਣ ਨੈਣਾਂ ਵਾਲੇ
ਨੈਣਾਂ ਦੇ ਕਰ ਨੈਣ ਹਵਾਲੇ
ਪਿਆਰੇ ਪਿਆਰੇ ਕਾਲੇ ਕਾਲੇ
ਭੌਰੇ ਬਿਹਬਲ ਹੋਏ
ਜਦ ਨੈਣ ਸਜਣ ਦੇ ਹੋਏ
ਫਿਰ ਘੁੰਡ..........



Digitized by Panjab Digital Library | www.panjabdigilib.org

ਨੈਣ ਨੈਣਾਂ ਦੀ ਭਿਛਿਆ ਮੰਗਦੇ
ਡਰਦੇ ਡਰਦੇ ਸੰਗਦੇ ਸੰਗਦੇ
ਦੇ ਕੇ ਨੈਣ ਨੈਣਾਂ ਨੂੰ ਰੰਗ ਦੇ
ਇਹ ਹੁਣ ਤੇਰੇ ਹੋਏ
ਜਦ ਨੈਣ ਸਜਣ ਦੇ ਹੋਏ
ਫਿਰ ਘੁੰਡ........
ਨੈਣਾਂ ਦੀ ਹੈ ਲੋੜ ਨੈਣਾਂ ਨੂੰ
ਖਾਲੀ ਨਾ ਹੁਣ ਮੋੜ ਨੈਣਾਂ ਨੂੰ
'ਨੂਰ ਪੁਰੀ' ਨਾ ਤੋੜ ਨੈਣਾਂ ਨੂੰ
ਇਹ ਨੇ ਫਿਰਦੇ ਮੋਏ
ਜਦ ਨੈਣ ਸਜਣ ਦੇ ਹੋਏ
ਫਿਰ ਘੁੰਡ..........



Digitized by Panjab Digital Library | www.panjabdigilib.org

# ਮੈਂ ਨਹੀਂ ਕਰਨਾ ਪਿਆਰ :

## ਸਜਣੀ ਮੈਂ ਨਹੀਂ ਕਰਨਾ ਪਿਆਰ

ਇਕ ਰਸਤੇ ਦੇ ਪਾਂਧੀ ਦੋਵੇਂ
ਤੂੰ ਮੇਰੀ ਮੈਂ ਤੇਰਾ
ਉਡਿਆ ਭੌਰ ਜਾਂ ਪਿੰਜਰੇ ਵਿਚੋਂ
ਕੂਚ ਹੋਇਆ ਜਾਂ ਡੇਰਾ
ਤੂੰ ਬਣ ਬੈਠੀ ਹੋਰ ਕਿਸੇ ਦੀ
ਮੈਂ ਬਣ ਬੈਠਾ ਹੋਰ ਕਿਸੇ ਦਾ
ਇਹ ਕੀ ਭਲਾ ਵਿਹਾਰ
ਸਜਣੀ ਮੈਂ ਨਹੀਂ ਕਰਨਾ ਪਿਆਰ
ਸਜਣੀ ਮੈਂ ਨਹੀ..... ..... .....

ਹਸਿਆ ਮੈਂ ਤਾਂ ਸਾਰੇ ਮੇਰੇ
ਆ ਆ ਬੈਠੇ ਚਾਰ ਚੁਫੇਰੇ,
ਜਾਂ ਰੋਇਆ ਮੈਂ ਅੱਖੀਆਂ ਭਰਕੇ
ਸਭਨਾਂ ਨੇ ਮੂੰਹ ਫੇਰੇ
ਨਾ ਕੋਈ ਪਿਆਰਾ ਨਾ ਕੋਈ ਪਿਆਰੀ
ਇਹ ਹੈ ਦੁਨੀਆਂਦਾਰੀ



Digitized by Panjab Digital Library | www.panjabdigilib.org

ਠਗਣਾ ਹੈ ਸੰਸਾਰ
ਸਜਣੀ ਮੈਂ ਨਹੀਂ ਕਰਨਾ ਪਿਆਰ
ਮੈਂ ਨਹੀਂ ਕਰਨਾ ਪਿਆਰ
ਸਜਣੀ ਮੈਂ..... ..... .....

ਜਾਗ ਪਿਆ ਤਾਂ ਸਭ ਕੁਛ ਪਾਇਆ
ਸੁੱਤਿਆਂ ਸਭ ਵੰਞਾਇਆ
ਫਿਰ ਸੰਸਾਰ ਇਹ ਤੇਰਾ ਕੇਵੇਂ
ਤੂੰ ਕਿਉਂ ਚਿੱਤ ਪਰਚਾਇਆ
ਤੇਰਾ ਤੇਰਾ ਕਰਦੇ ਕਰਦੇ
ਤੇਰਾ ਨੇ ਘੁਟ ਭਰਦੇ
ਝਾਤੀ ਜ਼ਰਾ ਤਾਂ ਮਾਰ
ਸਜਣੀ ਮੈਂ..........….

ਸਾਹ ਆਇਆ ਤੇ ਸਾਥੀ ਸੰਗੀ
ਮੇਰਾ ਮੇਰਾ ਕਰਦੇ
ਬੁਝ ਗਈ ਜੋਤ ਜਾਂ ਜਗਦੀ ਜਗਦੀ
ਦੁਸ਼ਮਣ ਹੋ ਗਏ ਘਰ ਦੇ
ਨੂਰਪੁਰੀ ਦੁਨੀਆਂ ਵਿਚ ਲਗਕੇ
ਦੀਵੇ ਵਾਂਗਰ ਬੁਝ ਗਿਓਂ ਜਗਕੇ
ਡੁਬ ਗਿਓਂ ਲਗਕੇ ਪਾਰ
ਸਜਣੀ ਮੈਂ ਨਹੀਂ ਕਰਨਾ ਪਿਆਰ
ਸਜਣੀ ਮੈਂ..... ..... ....



Digitized by Panjab Digital Library | www.panjabdigilib.org

# ਅੰਬੀਆਂ ਕਿਉਂ ਰਸੀਆਂ ਨੀ ਕੋਇਲੇ
# ਅੰਬੀਆਂ ਕਿਉਂ ਰਸੀਆਂ

ਸਾਵਣ ਦੂਰ ਬਦਲੀਆਂ ਨਾਲੋਂ
ਸਾਵਣ ਦੂਰ ਨੇ ਆਸਾਂ ਨਾਲੋਂ
ਜ਼ੁਲਫ਼ਾਂ ਕਾਲੀਆਂ ਰਾਤਾਂ ਨਾਲੋਂ
ਰਾਤਾਂ ਲੰਮੀਆਂ ਬਾਤਾਂ ਨਾਲੋਂ
ਦਿਲ ਦੇ ਨਾਲ ਇਹ ਝਗੜੇ ਕਰ ਕਰ
ਅੱਖੀਆਂ ਕਿਉਂ ਵੱਸੀਆਂ
ਨੀ ਕੋਇਲੇ ਅੰਬੀਆਂ ਕਿਉਂ ਰਸੀਆਂ
ਅੰਬੀ... .... ... ... ...

ਪ੍ਰੇਮ ਨੂੰ ਰੋਜ਼ ਭੁਲੇਖਾ ਲਗਦਾ
ਪੱਥਰ ਜਾਪੇ ਪਾਣੀ ਵਗਦਾ
ਫੁਲ ਸਮਝ ਕੇ ਹਥ ਪਾ ਲੈਂਦਾ
ਕੋਲਾ ਭਖ਼ਦਾ ਵੇਖੇ ਅੱਗ ਦਾ
ਸੇਜਾਂ ਵਿਚੋਂ 'ਨੂਰਪੁਰੀ' ਨੂੰ
ਡੰਗ ਜਾਵਣ ਅੱਖੀਆਂ
ਨੀ ਕੋਇਲੇ... ... ... ... ...



Digitized by Panjab Digital Library | www.panjabdigilib.org

# ਹੁਣ ਅਸੀਂ ਹੋਰ ਸਜਣ ਘਰ ਆਂਦੇ

ਪਿਆਰੇ ਪਿਆਰੇ ਸੋਹਣੇ ਸੋਹਣੇ
ਨੀਵਿਆਂ ਨੈਣਾਂ ਵਾਲੇ
ਘੂਰ ਦਿਉ ਤੇ ਰੋਈ ਜਾਂਦੇ,
ਹੱਸ ਪਵੋ ਤੇ ਹੱਸੀ ਜਾਂਦੇ,
ਐਡੇ ਭੋਲੇ ਭਾਲੇ
ਜਾ ਰੋਂਦੇ ਡਸਕੋਰੇ ਭਰਕੇ
ਫਿਰ ਨ ਝੱਲੇ ਜਾਂਦੇ
ਨੈਣ ਅਸਾਡੇ ਹੰਝੂ ਬਣਕੇ
ਸੱਜਣਾਂ ਨੂੰ ਗਲ ਲਾਂਦੇ
ਨੈਣ ਨੈਣਾਂ ਦੇ ਬਰਦੇ ਬਣ ਕੇ
ਰੋਂਦੇ ਬਹੁੜੀਆਂ ਪਾਂਦੇ

ਹੁਣ ਅਸੀਂ ਹੋਰ ਸੱਜਣ ਘਰ ਆਂਦੇ
ਪਿਆਰੇ ਪਿਆਰੇ, ਸੋਹਣੇ ਸੋਹਣੇ
ਨੀਵਿਆਂ ਨੈਣਾਂ ਵਾਲੇ
ਹੁਣ ਅਸੀਂ .... .... ... ...

ਪਹਿਲੇ ਸੱਜਣ ਓਪਰੇ ਲਗਦੇ,
ਹੁਣ ਦੇ ਸੱਜਣ ਪਿਆਰੇ



Digitized by Panjab Digital Library | www.panjabdigilib.org

ਇਹ ਮਨ ਨੂੰ ਖਬਰੇ ਕੀ ਹੋਇਆ
ਬਹਿ ਬਹਿ ਰਾਤ ਗੁਜ਼ਾਰੇ
ਰੋ ਰੋ ਢਾਈਂ ਮਾਰੇ
ਅੰਦਰ ਲੁਕ ਲੁਕ ਚੋਰੀ ਚੋਰੀ
ਕੱਲਾ ਹੀ ਬਰੜਾਵੇ
ਨਵੇਂ ਸੱਜਣ ਦੀਆਂ ਨਵੀਆਂ ਬਾਤਾਂ
ਝੂਰ ਝੂਰ ਕੇ ਪਾਵੇ
ਸੱਜਣ ਸੱਜਣ ਨੂੰ ਬੇਸੁਰਤੀ ਵਿਚ
ਹਾਕਾਂ ਮਾਰ ਬੁਲਾਂਦੇ
ਹੁਣ ਅਸੀਂ ਹੋਰ ਸੱਜਣ ਘਰ ਆਂਦੇ
ਪਿਆਰੇ.... .... ....
ਨੀਵੀਆਂ... ... ... ...
ਹੁਣ... ... ... ... ...

ਸਾਡੇ ਸਾਹਵੇਂ ਬਹਿ ਜਾ ਸੱਜਣ
ਨਾ ਹੋ ਸਾਥੋਂ ਲਾਂਭੇ,
ਲੈ ਲੈ ਸਾਡੇ ਦਿਲ ਦੀਆਂ ਗੱਲਾਂ
ਦੇ ਕੇ ਆਪਣੇ ਦਿਲ ਦੀਆਂ ਗੱਲਾਂ
ਲਾ ਦੇ ਦਿਲ ਨੂੰ ਕਾਂਬੇ
ਦਿਲ ਦੇ ਨਾਲ ਵਟਾ ਲੈ ਦਿਲ ਨੂੰ
ਪਿੰਜਰੇ ਦੇ ਵਿਚ ਪਾ ਲੈ ਦਿਲ ਨੂੰ
ਮੈਂ ਤੇਰਾ ਤੂੰ ਮੇਰਾ ਬਣ ਜਾ
ਸੀਨੇ ਨਾਲ ਲਗਾ ਲੈ ਦਿਲ ਨੂੰ


Digitized by Panjab Digital Library | www.panjabdigilib.org

ਨੈਣਾਂ ਨਾਲ ਤੂੰ ਨੈਣ ਵਟਾ ਲੈ
ਇਹ ਨੇ ਓਧਰ ਜਾਂਦੇ,
ਹੁਣ ਅਸੀਂ ਹੋਰ ਸੱਜਣ ਘਰ ਆਂਦੇ
ਪਿਆਰੇ... ... ... ... ...
ਨੀਵਿਆਂ ਨੈਣਾਂ... .... ... ...
ਹੁਣ... ... .... ...

ਵਿਛੜੇ ਨੈਣ ਨ ਰੋਣੋਂ ਹਟਦੇ,
ਸਜਣਾਂ ਨੂੰ ਸਮਝਾਉ
ਦੂਰ ਗਏ ਦਿਲ ਦੂਰ ਹੋ ਜਾਂਦੇ
ਦਿਲ ਦੇ ਸ਼ੀਸ਼ੇ ਚੂਰ ਹੋ ਜਾਂਦੇ
ਨਾ ਕੋਈ ਠੋਕਰ ਲਾਓ
ਘਰੋਂ ਜਦੋਂ ਪਿਆਰੇ ਤੁਰ ਜਾਂਦੇ,
ਘਰ ਨੇ ਵੱਢ ਵੱਢ ਖਾਂਦੇ
ਸੱਜਣ ਉਜਾੜਣ ਸਜਣ ਵਸਾਵਣ
ਸੂਲੀ ਸਜਣ ਚੜ੍ਹਾਂਦੇ
'ਨੂਰਪੁਰੀ' ਸੱਜਣਾਂ ਘਰ ਆਏ
ਸੱਜਣ ਨਾ ਝਿੜਕੇ ਜਾਂਦੇ,
ਹੁਣ ਅਸੀਂ ਹੋਰ ਸੱਜਣ ਘਰ ਆਂਦੇ
ਪਿਆਰੇ... ... ... ...
ਨੀਵਿਆਂ ਨੈਣਾਂ... ... ... ...
ਹੁਣ... ... ... ...



Digitized by Panjab Digital Library | www.panjabdigilib.org

# ਹੰਝੂਓ ਵੇ ਸੁੱਕ ਜਾਉ
# ਰੋਵੋ ਨ ਵੇ ਰੁੱਕ ਜਾਉ

ਤੁਸੀਂ ਸੰਭਲ ਸੰਭਲ ਕੇ ਤੁਰਨਾ
ਬੇ-ਕਦਰਾਂ ਕੋਲ ਨਾ ਝੁਰਨਾ
ਰੋ ਰੋ ਨਾ ਜਾਨ ਜਲਾਉ
ਡਹਿਲ ਡਹਿਲ ਨਾ ਛਾਲੇ ਪਾਉ
ਸਜਣਾਂ ਦੇ ਆਵਣ ਦੇ ਦਿਨ
ਵਿਛੜੇ ਗਲ ਲਾਵਣ ਦੇ ਦਿਨ
ਵੇ ਆ ਗਏ ਨੇ ਨੇੜੇ
ਗਲ ਮਾਹੀ ਲਗ ਰੋ ਲੈਣਾ
ਤੁਸੀਂ ਬਿਹਬਲ ਵੀ ਹੋ ਲੈਣਾ
ਵੇ ਐਸ ਘੜੀ ਲੁਕ ਜਾਉ
ਹੰਝੂਓ ਵੇ ਸੁੱਕ ਜਾਉ
ਰੋਵੋ ਨ ਵੇ ਰੁੱਕ ਜਾਉ



Digitized by Panjab Digital Library | www.panjabdigilib.org

ਕਹਿ ਲੈਣਾ ਪ੍ਰੇਮ ਕਹਾਣੀ
ਆ ਆ ਕੇ ਅੱਖੀਆਂ ਥਾਣੀ
ਦੁਖ ਭਰੀਆਂ ਕਹਿਣੀਆਂ ਬਾਤਾਂ
ਜੀਵੇਂ ਲੰਘੀਆਂ ਕਾਲੀਆਂ ਰਾਤਾਂ
ਪਰਦੇਸ ਜਾਂ ਮੀਤ ਗਿਆ ਸੀ
ਫਿਰ ਸਾਵਣ ਬੀਤ ਗਿਆ ਸੀ
ਤੁਸੀਂ 'ਨੂਰਪੁਰੀ' ਨੂੰ ਰੋ ਕ
ਉਹ ਦੁਖੜਾ ਭੀ ਕਹਿ ਲੈਣਾ
ਤੁਸੀਂ ਕਦਮਾਂ ਤੇ ਢਹਿ ਪੈਣਾ
ਵੇ! ਹੁਣੇ ਹੀ ਨਾ ਮੁੱਕ ਜਾਉ
ਹੰਝੂਓ ਵੇ ਸੁੱਕ ਜਾਉ
ਰੋਵੋ ਨ ਵੇ ਰੁੱਕ ਜਾਉ



Digitized by Panjab Digital Library | www.panjabdigilib.org

## ਸੱਜਣ ਜੀ ਮਨ ਦੀ ਮਨ ਵਿਚ ਰਹੀ

ਬੀਤ ਗਿਆ ਸਾਵਣ ਦਿਨ ਗਿਣਦੇ
ਦੂਰ ਦੇ ਰਸਤੇ ਵਾਟਾਂ ਮਿਣਦੇ

ਆਈ ਬੱਦਲੀ ਕਾਲੀ ਕਾਲੀ
ਕੋਇਲ ਬੋਲੀ ਬਿਰਹਾ ਜਾਲੀ

ਦਿਲ ਦਾ ਪੰਛੀ ਮਾਰ ਉਡਾਰੀ
ਉਡਿਆ ਕਰਕੇ ਪਿੰਜਰਾ ਖਾਲੀ

ਨੈਣ ਭਰੇ ਮੁੜ ਆਇਆ ਨਿਰਾਸਾ
ਬਦਲੀ ਨਾ ਬਰਸੀ

ਸੱਜਣ ਜੀ ਮਨ ਦੀ ਮਨ ਵਿਚ ਰਹੀ
ਸੱਜਣ..... ..... .....

ਖੇਲਣ ਦਾ ਦਿਲ ਨੂੰ ਚਾਅ ਬਾਹਲਾ
ਡਿਗ ਡਿਗ ਪੈਂਦਾ ਅਥਰਾ ਕਾਹਲਾ



Digitized by Panjab Digital Library | www.panjabdigilib.org

ਦੁਨੀਆਂ ਦਾਰੀ ਗੌਰਖ ਧੰਦਾ
ਖੋਹਲਣ ਨਹੀਂ ਸੁਖਾਲਾ

ਲੱਖਾਂ ਗਿਣਦੇ ਮਿਣਦੇ ਮੁੱਕ ਗਏ
ਇਹ ਬੇ-ਗਿਣਤੀ ਮਾਲਾ

ਮੌਤ ਪਿਛੋਂ ਇਹ ਦੀ ਬਸ ਵੇਖੀ
ਜਿਸ ਨੇ ਸਮਝ ਲਈ

ਸੱਜਣ ਜੀ ਮਨ ਦੀ ਮਨ ਵਿਚ ਰਹੀ
ਸੱਜਣ..... ..... .....

ਬੀਤ ਗਿਆ ਸਾਵਣ ਦਿਨ ਗਿਣਦੇ
ਦੂਰ ਦੇ ਰਸਤੇ ਵਾਟਾਂ ਮਿਣਦੇ



Digitized by Panjab Digital Library | www.panjabdigilib.org

## ਜਦ ਵਰਜੇ ਨੈਣ ਨ ਰਹਿੰਦੇ
## ਇਹ ਹੁਣ ਮੈਨੂੰ ਕੀ ਕਹਿੰਦੇ

ਆਪੇ ਲਾਂਦੇ ਆਪ ਬੁਝਾਉਂਦੇ
ਆਪੇ ਫਾਹੀਆਂ ਗਲ ਵਿਚ ਪਾਂਦੇ
ਆਪੇ ਬਹਿ ਬਹਿ ਰੋਂਦੇ ਉਹਲੇ
ਆਪੇ ਹਸ ਹਸ ਕੇ ਗਾਉਂਦੇ
ਆਪੇ ਝੁਕ ਝੁਕ ਪੈਰੀਂ ਡਿਗਦੇ
ਆਪੇ ਰੁਸ ਰੁਸ ਬਹਿੰਦੇ
ਇਹ ਹੁਣ ਮੈਨੂੰ ਕੀ ਕਹਿੰਦੇ
ਜਦ ਵਰਜੇ ਨੈਣ ਨਾ ਰਹਿੰਦੇ
ਇਹ ਹੁਣ ਮੈਨੂੰ ਕੀ ਕਹਿੰਦੇ

ਪੱਲੇ ਨ ਇਕ ਧੇਲਾ ਪਾਈ
ਵੈਰੀ ਦੁਨੀਆਂ ਵੈਰੀ ਭਾਈ
ਇਹ ਨੈਣਾਂ ਨੇ ਤਾਰੇ ਗਿਣ ਗਿਣ
ਸਾਰੀ ਰਾਤ ਲੰਘਾਈ



Digitized by Panjab Digital Library | www.panjabdigilib.org

ਕਚੇ ਘੜੇ ਤੇ ਠਿਲ ਪਏ ਓੜਕ
ਮੇਰੇ ਕਹਿੰਦੇ ਕਹਿੰਦੇ
ਇਹ ਹੁਣ ਮੈਨੂੰ ਕੀ ਕਹਿੰਦੇ
ਜਦ ਦੂਜੇ ਨੈਣ ਨ ਰਹਿੰਦੇ
ਐਡੀਆਂ ਕੀਤੀਆਂ ਬੇ-ਪਰਵਾਹੀਆਂ
ਪਾੜੇ ਕੰਨ ਤੇ ਮਲੀਆਂ ਸਿਆਹੀਆਂ
ਨਜ਼ਰ ਪਈ ਜਾਂ ਰੂਪ ਚਿੰਗਾਰੀ
ਮਿਟੀ ਘੱਟੇ ਰੋਲੀਆਂ ਸ਼ਾਹੀਆਂ
ਭੁੰਬਟਾਂ ਵਾਂਗਰ ਭੁੱਜ ਗਏ ਓੜਕ
ਲੱਖ ਲੱਖ ਦੁਖੜੇ ਸਹਿੰਦੇ
ਇਹ ਹੁਣ ਮੈਨੂੰ ਕੀ ਕਹਿੰਦੇ
ਜਦ ਵਰਜੇ ਨੈਣ ਨ ਰਹਿੰਦੇ

ਜਿਥੇ ਗਏ ਤੇ ਬਹਿ ਗਏ ਓਥੇ
ਜਿਥੇ ਤੇਰੇ ਰਹਿ ਗਏ ਓਥੇ
ਜਿਨੇ ਬੁਲਾਇਆ ਹਸ ਕੇ ਕਿਧਰੇ
ਦਿਲ ਦੀਆ ਗਲਾਂ ਕਹਿ ਗ਼ਏ ਓਥੇ
ਘੁੰਡ ਵਿਚ ਕੈਦ ਇਹ ਕੀਤੇ ਹੋਏ
'ਨੂਰਪੁਰੀ' ਠਗ ਲੈਂਦੇ
ਇਹ ਹੁਣ ਮੈਨੂੰ ਕੀ ਕਹਿੰਦੇ
ਜਦ ਵਰਜੇ ਨੈਣ ਨ ਰਹਿੰਦੇ
ਇਹ ਹੁਣ ਮੈਨੂੰ ਕੀ ਕਹਿੰਦੇ



Digitized by Panjab Digital Library | www.panjabdigilib.org

# ਢੋਲਣ ਮੇਰੇ ਵਸਦਾ ਕੋਲ
# ਮੈਂ ਢੋਲਣ ਦੀ ਮੇਰਾ ਢੋਲ

ਢੋਲਣ ਦੇ ਬਿਨ ਸੁੰਞੀਆਂ ਗਲੀਆਂ
ਘਰ ਘਰ ਵਿਲਕਣ ਨਾਜ਼ਾਂ ਪਲੀਆਂ
ਫੁਲ ਮੁਰਝਾਏ ਸੁਕੀਆਂ ਕਲੀਆਂ
ਵੇ ਢੋਲਾ ਮੇਰੇ ਐਬ ਨਾ ਫੋਲ
ਮੈਂ ਢੋਲਣ ਦੀ ਮੇਰਾ ਢੋਲ
ਢੋਲਣ ਮੇਰੇ ਵਸ ਦਾ ਕੋਲ

ਢੋਲਣ ਦੇ ਦੋਨਾਂ ਨੈਣਾਂ ਅੰਦਰ
ਇਕ ਵਿਚ ਮਸਜਦ ਇਕ ਵਿਚ ਮੰਦਰ
ਢੋਲਣ ਮੇਰੇ ਨੈਣਾਂ ਅੰਦਰ
ਢੋਲਣ ਦੇ ਬਿਨ ਖਾਲੀ ਖੋਲ
ਮੈਂ ਢੋਲਣ ਦੀ ਮੇਰਾ ਢੋਲ
ਢੋਲਣ ਮੇਰੇ ਵਸਦਾ ਕੋਲ

ਮੈਂ ਕਮਲੀ ਉਹ ਕਮਲੀ ਵਾਲਾ
ਮੈਂ ਭੋਲੀ ਉਹ ਭੋਲਾ ਭਾਲਾ
ਕਾਲੀਆਂ ਜ਼ੁਲਫਾਂ ਵਾਲਾ ਕਾਲਾ
ਉਹਦੇ ਮਿਠੜੇ ਮਿਠੜੇ ਬੋਲ
ਮੈਂ ਢੋਲਣ ਦੀ ਮੇਰਾ ਢੋਲ
ਢੋਲਣ ਮੇਰੇ ਵਸਦਾ ਕੋਲ



Digitized by Panjab Digital Library | www.panjabdigilib.org

## ਅੱਖੀਆਂ ਪਵਾੜੇ ਹੱਥੀਆਂ
## ਮੇਰੇ ਮਗਰੋਂ ਅਜੇ ਨ ਲੱਥੀਆਂ

ਥਾਂ ਥਾਂ ਫਸੀਆਂ ਮਰਨੋਂ ਬਚੀਆਂ
ਰੋ ਰੋ ਓੜਕ ਹੋਈਆਂ ਸਚੀਆਂ
ਨਿਕੀਆਂ ਨਿਕੀਆਂ ਗਲਾਂ ਬਦਲੇ

ਸੂਲੀਆਂ ਉਤੇ ਚੜ੍ਹ ਚੜ੍ਹ ਨਚੀਆਂ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ

ਨਜ਼ਰਾਂ ਜਾਲ ਵਿਛਾਂਦੀਆਂ ਰਹੀਆਂ
ਉਡਦੇ ਪੰਛੀ ਫਾਹਦੀਆਂ ਰਹੀਆਂ
ਅਥਰੂਆਂ ਦੇ ਅਣਵਿਧ ਮੋਤੀ

ਭਰ ਭਰ ਬੁਕ ਲਟੌਂਦੀਆਂ ਰਹੀਆਂ
ਇਹ ਮਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ



Digitized by Panjab Digital Library | www.panjabdigilib.org

ਲੈ ਲੈ ਤੀਰ ਕਮਾਨਾਂ ਛੁਰੀਆਂ
ਬਾਦਸ਼ਾਹਾਂ ਨੂੰ ਮਾਰਨ ਤੁਰੀਆਂ
ਖਾ ਕੇ ਤੀਰ ਜਾਂ ਤੜਫਨ ਲੱਗੀਆਂ

ਫਿਰ ਇਹ ਉਹਲੇ ਬਹਿ ਬਹਿ ਝੁਰੀਆਂ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ

ਜਾਂ ਮੈਂ ਘੂਰੀਆਂ ਡੁਸਕਣ ਲੱਗੀਆਂ
ਸਿਟ ਸਿਟ ਅੱਥਰੂ ਬਗੀਆਂ ਬਗੀਆਂ
ਰਾਤ ਪਈ ਤੇ ਕੋਨੇ ਟੱਪਕੇ

ਨਦੀਆਂ ਚੀਰਨ ਫਿਰ ਉਠ ਵਗੀਆਂ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ

ਕਚੇ ਘੜੇ ਦੇ ਵੇਖ ਕੇ ਹੀਲੇ
ਪਿਟ ਪਿਟ ਹੋਏ ਅੰਬਰ ਨੀਲੇ
'ਨੂਰਪੁਰੀ' ਇਹ ਸਮਝਦੀਆਂ ਨ

ਲਖ ਸਮਝਾਉਣ ਵਕੀਲ ਵਸੀਲੇ
ਇਹ ਮੈਨੂੰ ਲੈ ਲੱਥੀਆਂ
ਅੱਖੀਆਂ ਪਵਾੜੇ ਹੱਥੀਆਂ



Digitized by Panjab Digital Library | www.panjabdigilib.org

ਵਸਦੇ ਰਹਿਣ ਗਿਰਾਂ ਨੀ ਤੇਰੇ ਵਸਦੇ ਰਹਿਣ ਗਿਰਾਂ

# ਕਦੀ ਲੈ ਸਾਈਂ ਦਾ ਨਾਂ

ਹੁਸਨ ਕਹੇ ਭੰਵਰਾ ਮਿਲ ਜਾਵੇ
ਨੈਣ ਕਹਿਣ ਕੋਈ ਪਿਆਰਾ
ਪ੍ਰੀਤ ਕਹੇ ਕੋਈ ਮਨ ਮਿਲ ਜਾਵੇ
ਹੋ ਜਾਏ ਪਾਰ ਉਤਾਰਾ
ਹਟੜੀ ਦੇ ਵਿਚ ਸਭ ਕੁਝ ਧਰਕੇ
ਟੁਰ ਚਲਿਆ ਵਣਜਾਰਾ
ਸਾਈਂ ਕਰੇ ਨਿਆਂ ਨੀ ਤੇਰੇ
ਵਸਦੇ ਰਹਿਣ ਗਿਰਾਂ
ਵਸਦੇ..... ..... .....

ਕਾਲੀ ਚੁੰਨੀ ਨਾਲ ਸਿਤਾਰੇ
ਕੇਡੇ ਲਗਦੇ ਪਿਆਰੇ ਪਿਆਰੇ
ਅੱਖੀਆਂ ਦੇ ਵਿਚ ਮਸਤੀ ਹਸਦੀ
ਹੋਂਠਾਂ ਦੇ ਵਿਚ ਲਿਛਕਣ ਤਾਰੇ
ਸਜਣ ਬਣਾ ਕੇ ਅੱਖੀਆਂ ਲਾ ਕੇ
ਟਿਬਿਆਂ ਦੇ ਵਿਚ ਲਹਿਰਾਂ ਮਾਰੇ



Digitized by Panjab Digital Library | www.panjabdigilib.org

ਸਾਈਂ ਕਰੇ ਨਿਆਂ ਨੀ ਤੇਰੇ
ਵਸਦੇ ਰਹਿਣ ਗਿਰਾਂ
ਵਸਦੇ..... ..... .....

ਡੋਲੀ ਦਾ ਤਕ ਕੇ ਦਿਖਲਾਵਾ
ਉਡਿਆ ਪੰਛੀ ਬੰਨ੍ਹ ਕੇ ਦਾਹਵਾ
ਕਿਸੇ ਓਪਰੀ ਥਾਂ ਦੇ ਉਤੇ
ਊਠਾਂ ਲਇਆ ਆਣ ਕਚਾਵਾ
ਖੁਲ੍ਹੀ ਅੱਖ ਤੇ ਸਹਿਮ ਗਿਆ ਦਿਲ
ਇਹ ਸੀ ਕੋਈ ਮਨ ਪਰਚਾਵਾ

ਸਾਈਂ ਕਰੇ ਨਿਆਂ ਨੀ ਤੇਰੇ
ਵਸਦੇ ਰਹਿਣ ਗਿਰਾਂ
ਵਸਦੇ..... ..... ....

ਬਗੀਆਂ ਬਗੀਆਂ ਅੱਖਾਂ ਕੱਢ ਕੇ
ਜ਼ੁਲਫਾਂ ਖਾਂਦੀਆਂ ਦੰਦੀਆਂ ਵੱਢ ਕੇ
ਸੁਫ਼ਨੇ ਵਿਚ ਕੋਈ ਚੋਰ ਆ ਵੜਿਆ
'ਨੂਰਪੁਰੀ' ਜਿੰਦ ਲੈ ਗਿਆ ਕੱਢ ਕੇ
ਨਾਜ਼ਾ ਪਾਲੀ ਏਸ ਕਾਲੀ ਨੂੰ
ਤੁਰ ਗਏ ਜੰਗਲਾਂ ਵਿਚ ਹੀ ਛੱਡ ਕੇ

ਸਾਈਂ ਕਰੇ ਨਿਆਂ ਨੀ ਤੇਰੇ
ਵਸਦੇ ਰਹਿਣ ਗਿਰਾਂ
ਵਸਦੇ ਰਹਿਣ ਗਿਰਾਂ



Digitized by Panjab Digital Library | www.panjabdigilib.org

ਰੁਸ ਰੁਸ ਕੇ ਨ ਮਾਰ ਓ ਸਜਣਾ
ਰੁਸ ਰੁਸ ਕੇ ਨ ਮਾਰ

ਤਾਰਿਆਂ ਨਾਲ ਹੈ ਰਾਤ ਸ਼ਿੰਗਾਰੀ
ਠੰਡੀ ਠੰਡੀ ਪਿਆਰੀ ਪਿਆਰੀ
ਚੰਦਰਮਾ ਬਣ ਫਿਕਾ ਫਿਕਾ
ਇਸ ਦਾ ਹੈ ਸੰਸਾਰ
ਓ ਸਜਣਾ,
ਰੁਸ ਰੁਸ ਕੇ ਨ ਮਾਰ

ਕਲੀਆਂ ਦੇ ਚਿਹਰੇ ਤੋਂ ਪੜ੍ਹੀਆਂ
ਪੜ੍ਹ ਪੜ੍ਹ ਗੱਲਾਂ ਖੁਸ਼ੀਆਂ ਚੜ੍ਹੀਆਂ
ਭੰਵਰ ਬਣ ਉਹ ਕਲੀਆਂ ਕੱਲੀਆਂ
ਨ ਕੋਈ ਬਾਗ਼ ਬਹਾਰ
ਓ ਸਜਣਾ,
ਰੁਸ ਰੁਸ ਕੇ ਨ ਮਾਰ



Digitized by Panjab Digital Library | www.panjabdigilib.org

ਪਿੰਜਰੇ ਵਿਚ ਇਕ ਪੰਛੀ ਪਲਿਆ
ਪਿੰਜਰਾ ਖੁਲ੍ਹਿਆ ਉਹ ਉਡ ਚਲਿਆ

ਸੋਚ ਪਈ ਜਾਂ ਮਨ ਵਿਚ ਕੋਈ
ਉਡ ਗਿਆ ਮਾਰ ਉਡਾਰ
ਓ ਸਜਣਾ,
ਰੁਸ ਰੁਸ ਕੇ ਨ ਮਾਰ

ਅੱਖੀਆਂ ਵੇਖਕੇ ਹੱਸੀਆਂ ਅੱਖੀਆਂ
ਅੱਖੀਆਂ ਵਲ ਨੂੰ ਨੱਸੀਆਂ ਅੱਖੀਆਂ

'ਨੂਰਪੁਰੀ' ਤੂੰ ਮੋੜ ਲੈ ਭਾਵੇਂ
ਸਾਡਾ ਕੀ ਇਨਕਾਰ
ਓ ਸਜਣਾ,
ਰੁਸ ਰੁਸ ਕੇ ਨ ਮਾਰ

ਤੇਰੀਆਂ ਅੱਖੀਆਂ ਜਿੱਤੀਆਂ ਬੀਬਾ
ਸਾਡੀ ਹੈ ਹੁਣ ਹਾਰ
ਓ ਸਜਣਾ,
ਰੁਸ ਰੁਸ ਕੇ ਨ ਮਾਰ



Digitized by Panjab Digital Library | www.panjabdigilib.org

## ਓਹਦੇ ਨੈਣ ਮਜ਼ੂਰੀ ਮੰਗਦੇ
## ਹੁਣ ਕੀ ਸਜਣਾ ਕਰੀਏ !

ਬਾਹਲਾ ਨੈਣਾਂ ਨੂੰ ਸਮਝਾਇਆ
ਪਾਪੀ ਬਾਜ਼ ਨਾ ਆਉਂਦੇ
ਵਿਚ ਪਰਦੇਸ ਪਰੀਤਾਂ ਲਾਕੇ
ਹੁਣ ਕਿਉਂ ਬਹੁੜੀਆਂ ਪਾਉਂਦੇ
ਪੱਥਰ ਦਿਲ ਉਹ ਇਕ ਨਾ ਸੁਣਦੇ
ਲਖ ਲਖ ਪਾਣੀ ਭਰੀਏ
ਹੁਣ ਕੀ ਸਜਣਾ ਕਰੀਏ
ਖਰੇ ਨੈਣਾਂ ਦੀ ਕੀਮਤ ਬਾਹਲੀ
ਖੋਟਿਆਂ ਨੂੰ ਨਹੀਂ ਮਿਲਦੇ
ਖਰੇ ਨੈਣ ਜੇ ਵਨਜਣ ਜਾਈਏ
ਸਾਫ ਹੋ ਜਾਈਏ ਦਿਲ ਦੇ
ਨੈਣ ਨੈਣਾਂ ਨੂੰ ਮਾਰ ਜੇ ਦੇਵਣ
ਤਾਂ ਵੀ ਹਸ ਹਸ ਮਰੀਏ
ਹੁਣ ਕੀ ਸਜਣਾ ਕਰੀਏ



Digitized by Panjab Digital Library | www.panjabdigilib.org

ਲੋਕੀਂ ਕਹਿੰਦੇ ਓਨੇ ਖੋਟੇ
ਜਿਨ੍ਹੇ ਛੋਟੇ ਛੋਟੇ
ਨੈਣ ਸਜਣ ਦੇ ਵਡੇ ਵਡੇ
ਫਿਰ ਕਿਉਂ ਦਿਸਦੇ ਖੋਟੇ
ਨੈਣ ਨ ਤੇਰੇ ਨੈਣ ਨ ਮੇਰੇ
ਸਦਾ ਇਹਨਾਂ ਤੋਂ ਡਰੀਏ
ਹੁਣ ਕੀ ਸਜਣਾ ਕਰੀਦੇ
ਨੈਣਾਂ ਵਾਲਿਓ ਨੈਣ ਛੁਪਾ ਲਉ
ਬੂਹੇ ਢੋ ਲਉ ਪਰਦੇ ਪਾ ਲਉ
ਇਹ ਖ਼ੂਨੀ ਨ ਖ਼ੂਨੋਂ ਡਰਦੇ
ਇਹ ਬਾਜ਼ਾਂ ਨੂੰ ਡੋਰੇ ਪਾ ਲਉ
'ਨੂਰਪੁਰੀ' ਇਹ ਨੈਣ ਨ ਰੀਝਣ
ਦਿਲ ਭੀ ਕੱਢ ਕੱਢ ਧਰੀਏ
ਹੁਣ ਕੀ ਸਜਣਾ ਕਰੀਏ
ਚਾਕ ਸਦਾਏ ਕੰਨ ਪੜਵਾਏ
ਦੁਨੀਆਂ ਵਿਚ ਬਦਨਾਮ ਕਹਾਏ
ਦਿਲ ਦੀ ਕੀਮਤ ਦੇ ਦੇ ਹਾਰੇ
ਫਿਰ ਭੀ ਨਾ ਉਸ ਨੈਣ ਮਿਲਾਏ
ਛੋਟੀ ਉਮਰ ਤੇ ਕਜ਼ੀਏ ਐਡੇ
ਕਿਵੇਂ ਇਹ ਦੁਖ ਜਰੀਏ
ਹੁਣ ਕੀ ਸਜਣਾ ਕਰੀਏ


Digitized by Panjab Digital Library | www.panjabdigilib.org

# ਮੈਨੂੰ ਵੀ ਰੰਗ ਦੇ ਲਾਲ ਰੰਗ ਵੇ

ਹੱਥ ਵੀ ਰੰਗ ਦੇ ਤਨ ਵੀ ਰੰਗ ਦੇ
ਨੈਣ ਵੀ ਰੰਗ ਦੇ ਮਨ ਵੀ ਰੰਗ ਦੇ
ਡੋਬ ਦੇ ਮੈਨੂੰ ਨਿਸ਼ੰਗ ਵੇ
ਮੈਨੂੰ ਵੀ ਰੰਗ ਲਾਲ ਰੰਗ ਵੇ

ਕੋਹਝੀਆਂ ਰੰਗੀਆਂ ਕਾਲੀਆਂ ਰੰਗੀਆਂ
ਲਖ ਲਖ ਦਾਗ਼ਾਂ ਵਾਲੀਆਂ ਰੰਗੀਆਂ
ਜੋ ਮੰਗਣਾਂ ਮੂੰਹੋਂ ਮੰਗ ਵੇ
ਮੈਨੂੰ ਵੀ ਰੰਗ ਦੇ ਲਾਲ ਰੰਗ ਵੇ

ਫੁੱਲਾਂ ਨੂੰ ਚਾਹੜੀਆਂ ਲਾਲ ਗੁਲਾਲੀਆਂ
ਨੈਣਾਂ ਚ' ਡੋਲ੍ਹੀਆਂ ਮਸਤੀਆਂ ਲਾਲੀਆਂ
ਕਰ ਦਿਤੇ ਮਸਤ ਮਲੰਗ ਵੇ
ਮੈਨੂੰ ਵੀ ਰੰਗ ਦੇ ਲਾਲ ਰੰਗ ਵੇ

ਤੇਰਾ ਤਾਂ ਰੰਗਿਆ ਰੰਗ ਨ ਲੱਥਦਾ
ਤੇਰਾ ਤਾਂ ਕੱਚ ਵੀ ਮੋਤੀ ਏ ਨੱਥ ਦਾ
'ਨੂਰਪੁਰੀ' ਤੂੰ ਨ ਸੰਗ ਵੇ
ਮੈਨੂੰ ਵੀ ਰੰਗ ਦੇ ਲਾਲ ਰੰਗ ਵੇ



Digitized by Panjab Digital Library | www.panjabdigilib.org

ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ
ਦਿਲਾਂ ਦਿਆ ਹਾਏ ਮਹਿਰਮਾਂ ਵੇ
ਕਦੀ ਵਤਨਾਂ ਦੇ ਵਲ ਗੇੜਾ ਮਾਰ

ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ
ਮਾਹੀ ਜਿਨ੍ਹਾਂ ਕੋਲ ਵਸਦੇ ਵੇ
ਓੁਹ ਕੀ ਜਾਣਦੇ ਵਿਛੋੜਿਆਂ ਦੀ ਸਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ

ਇਕ ਬੀਬਾ ਤੇਰੇ ਬਿਨਾਂ ਵੇ
ਸਾਨੂੰ ਝਿੜਕਾਂ ਦੇਵੇ ਸੰਸਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ

ਠਿਲ ਗਿਓਂ ਲੈਕੇ ਬੇੜੀਆਂ ਵੇ
ਸਾਨੂੰ ਕੌਣ ਲੰਘਾਵੇ ਹੁਣ ਪਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ

ਆ ਮਿਲ ਫੁਲ ਬਣਕੇ ਵੇ
ਘਰ ਪਤਲੀ ਛਮਕ ਤੇਰੀ ਨਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੁਹਾਰ



Digitized by Panjab Digital Library | www.panjabdigilib.org

ਉਹਨਾਂ ਨਾਲ ਕੀ ਬੋਲਣਾ ਵੇ
ਜਿਨ੍ਹਾਂ ਤੋੜ ਨ ਚਾਹੜੇ ਇਕਰਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੂਹਾਰ

ਵੇਚਕੇ ਮੈਂ ਜਿੰਦ ਲੇ ਲਵਾਂ ਵੇ
ਮਾਹੀ ਵਿਕਦੇ ਜੇ ਮਿਲਣ ਬਜ਼ਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੂਹਾਰ

ਲਗੀਆਂ ਨੂੰ ਯਾਦ ਕਰ ਲੈ ਵੇ
ਸਾਨੂੰ ਐਵੇਂ ਤਰਸਾ ਕੇ ਨਾ ਮਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੂਹਾਰ

ਸਜਣਾਂ ਨੂੰ ਤੋਰ ਬੈਠੀਆਂ ਵੇ
ਮੈਨੂੰ ਵਢ ਵਢ ਖਾਂਦਾ ਘਰ ਬਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੂਹਾਰ

'ਨੂਰਪੁਰੀ' ਤੂੰ ਜਿਤਿਆ ਵੇ
ਅਸਾਂ ਮੰਨ ਲਈ ਚਿਰੋਕੀ ਹਾਰ
ਨਿੰਮ੍ਹੀ ਨਿੰਮ੍ਹੀ ਪੈਂਦੀ ਆ ਫੂਹਾਰ



Digitized by Panjab Digital Library | www.panjabdigilib.org

## ਆਪਣੇ ਨੈਣ ਛੁਪਾ ਲੈ ਨੀਂ ਤੂੰ
## ਆਪਣੇ ਨੈਣ ਛੁਪਾ ਲੈ

ਤੇਰੇ ਨੈਣ ਨਵੇਂ ਪਰਨਾਏ
ਇਹ ਨਾ ਜਾਨਣ ਜਗ ਦੇ ਚਾਲੇ
ਏਥੋਂ ਦੇ ਨੇ ਠਗ ਰਖਵਾਲੇ
ਗਲੀਆਂ ਵਿਚ ਬਹਿ ਬਾਤਾਂ ਪਾਉਂਦੇ
ਜ਼ੁਲਫ਼ਾਂ ਵਾਹ ਵਾਹ ਰਾਤਾਂ ਪਾਉਂਦੇ
ਦਿਨੇ ਦਿਨੇ ਸਮਝਾ ਲੈ ਨੀਂ ਤੂੰ
ਆਪਣੇ ਨੈਣ ਛੁਪਾ ਲੈ

ਉਡ ਗਏ ਇਹ ਤੇ ਹਥ ਨ ਆਉਣੇ
ਫੜ ਕੇ ਲੋਕਾਂ ਪਿੰਜਰੇ ਪਾਉਣੇ
ਇਹ ਨੇ ਨਿਆਣੇ ਲੋਕ ਸਿਆਣੇ
ਲੋਕਾਂ ਅੰਦਰੇ ਕੋਹ ਕੋਹ ਖ਼ਾਣੇ
ਤੈਨੂੰ ਲਗਦੇ ਲੋਕ ਪਿਆਰੇ
'ਨੂਰਪੁਰੀ' ਨੇ ਪਰਖੇ ਸਾਰੇ
ਅੰਦਰ ਬਹਿ ਜਾ ਭਾਗਾਂ ਭਰੀਏ
ਨਵੀਂ ਜਵਾਨੀ ਕੋਲੋਂ ਡਰੀਏ
ਘੁੰਡ ਦੀ ਕੁਟੀਆ ਪਾ ਲੈ ਨੀਂ
ਆਪਣੇ ਨੈਣ ਛੁਪਾ ਲੈ ਨੀਂ ਤੂੰ



Digitized by Panjab Digital Library | www.panjabdigilib.org

## ਨਾ ਕਲੀਆਂ ਨੂੰ ਤੋੜ ਫੁਲੇਰੇ
## ਨਾ ਕਲੀਆਂ ਨੂੰ ਤੋੜ

ਪਿਆਰਾ ਪਿਆਰਾ ਹਾਸਾ ਪਿਆਰਾ
ਇਸ ਵਿਚ ਹਸਦਾ ਸਾਜਣ ਹਾਰਾ
ਤੇਰੇ ਮਨ ਦੀ ਜੋਤੀ ਵਾਲਾ
ਇਸ ਵਿਚ ਵੀ ਚਮਕੇ ਚਮਕਾਰਾ
ਆਪਣੇ ਗਲ ਦੇ ਹਾਰ ਬਨਾਵੀਂ
ਫੁਲਾਂ ਦੇ ਦਿਲ ਤੋੜ
ਫੁਲੇਰੇ ਨਾ ਕਲੀਆਂ ਨੂੰ ਤੋੜ

ਚਾਰ ਦਿਨਾਂ ਦਾ ਲੋਕ ਦਿਖਾਵਾ
ਤੇਰਾ ਹੈ ਪਹਿਰਾਵਾ
ਨ ਕੁਝ ਤੇਰਾ ਨ ਕੁਛ ਮੇਰਾ
ਸਭ ਦਾ ਝੂਠਾ ਦਾਹਵਾ
ਕਿਸ ਮਨ ਮੂਰਖ ਪਿਛੇ ਲਗੋਂ
ਵਾਗਾਂ ਇਹਦੀਆਂ ਮੋੜ
ਫੁਲੇਰੇ ਨਾ ਕਲੀਆਂ ਨੂੰ ਤੋੜ



Digitized by Panjab Digital Library | www.panjabdigilib.org

ਇਸ ਕਾਇਆਂ ਦਾ ਰੂਪ ਗਵਾਕੇ
ਕਿਸ ਕਾਇਆਂ ਨੂੰ ਲਾਵੇਂ
ਇਹ ਨੈਣਾਂ ਦੀ ਮਸਤੀ ਲੈ ਕੇ
ਕਿਸ ਨੈਣਾਂ ਵਿਚ ਪਾਵੇਂ
ਇਹ ਭੀ ਝੂਠਾ ਉਹ ਭੀ ਝੂਠਾ
ਨਾ ਇਹ ਰਿਸ਼ਤਾ ਜੋੜ
ਫੁਲੇਰੇ ਨਾ ਕਲੀਆਂ ਨੂੰ ਤੋੜ

ਇਹ ਭੀ ਸਾਰੀ ਉਹਦੀ ਮਾਇਆ
ਜਿਸ ਦੀ ਹੈਂ ਤੂੰ ਮਾਇਆ।
ਤੈਨੂੰ ਨਜ਼ਰ ਨ ਆਇਆ
'ਨੂਰਪੁਰੀ' ਨੂੰ ਲਭ ਲੈ ਅੰਦਰੋਂ
ਜੋ ਜੀਵਨ ਦੀ ਲੋੜ
ਫੁਲੇਰੇ ਨਾ ਕਲੀਆਂ ਨੂੰ ਤੋੜ



Digitized by Panjab Digital Library | www.panjabdigilib.org

ਤੂੰ ਲੁਕ ਜਾ ਮੈਂ ਲਭਨਾ ਪਿਆਰੀ
ਤੂੰ ਲੁਕ ਜਾ ਮੈਂ ਲਭਨਾ

ਮੂੰਹ ਤੇ ਲੈ ਚੁੰਨੀ ਦਾ ਪੱਲਾ
ਤੂੰ ਲੁਕ ਜਾ ਮੈਂ ਰਹਿ ਜਾਂ ਕੱਲਾ
ਮੈਂ ਬੁਲਾਵਾਂ ਬੋਲੇਂ ਨਾ ਤੂੰ
ਲਭਦਾ ਲਭਦਾ ਹੋਵਾਂ ਝੱਲਾ

ਮੈਂ ਝੱਲਾ ਈ ਫਬਨਾ ਪਿਆਰੀ
ਤੂੰ ਲੁਕ ਜਾ ਮੈਂ ਲਭਨਾ

ਏਥੇ ਲੋਕ ਨਾ ਵੇਖ ਸਖੌਂਦੇ
ਮਿਲ ਕੇ ਬੈਠੇ ਵੇਖ ਨਾ ਭੌਂਦੇ
ਚਲ ਉਸ ਦੇਸ 'ਚ ਚਲੀਏ ਪਿਆਰੀ
ਜਿਥੇ ਪੰਛੀ ਮਿਲ ਮਿਲ ਗੌਂਦੇ

ਜਿਥੇ ਹਸਣਾ ਸਭਨਾ ਪਿਆਰੀ
ਤੂੰ ਲੁਕ ਜਾ ਮੈਂ ਲਭਨਾ



Digitized by Panjab Digital Library | www.panjabdigilib.org

ਮੈਂ ਓਥੇ ਭੰਵਰਾ ਬਣ ਜਾਊਂ
ਤੂੰ ਬਣ ਜਾਵੀਂ ਕਲੀਆਂ
ਤੂੰ ਪਤਿਆਂ ਚੋਂ ਲੁਕ ਲੁਕ ਵੇਖੀਂ
ਪ੍ਰੇਮ ਚਵਾਤੀਆਂ ਬਲੀਆਂ

ਇਸ ਅੱਗ ਨੇ ਨਹੀਂ ਦਬਣਾ ਪਿਆਰੀ
ਤੂੰ ਲੁਕ ਜਾ ਮੈਂ ਲਭਨਾ

ਬੁੱਲਾ ਕੋਈ ਹਵਾ ਦਾ ਆਕੇ
ਤੇਰੇ ਮੂੰਹ ਤੋਂ ਘੁੰਡ ਹਟਾਕੇ
ਤੇਰੇ ਨਾਲ ਮਿਲਾ ਦੇ ਮੈਨੂੰ
ਮੈਂ ਬੁਕਲ ਵਿਚ ਲੁਕ ਜਾਂ ਆਕੇ

ਮਿਲ ਗਏ ਨੈਣ ਜਾਂ ਤੇਰੇ ਮੇਰੇ
'ਨੂਰਪੁਰੀ' ਫਿਰ ਲਭਨਾਂ ਪਿਆਰੀ



Digitized by Panjab Digital Library | www.panjabdigilib.org

ਅੱਖੀਆਂ ਤੇਰੀਆਂ ਚੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ

ਜਾਂ ਤੱਕੀਏ ਤਾਂ ਨੀਵੀਂ ਪਾਵਨ
ਭੋਲੀਆਂ ਭੋਲੀਆਂ ਇਹ ਦਿੱਸ ਆਵਣ
ਖਬਰੇ ਕਿਧਰੋਂ ਸੰਨ੍ਹ ਲਾ ਕੇ
ਦਿਲ ਦੀ ਦੌਲਤ ਲੁਟ ਲੈ ਜਾਵਣ

ਚਲਦਾ ਕੋਈ ਨਾ ਜ਼ੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ

ਦੂਰੋਂ ਵੇਖ ਲੁਕਾਈਆਂ ਅੱਖੀਆਂ
ਘੁੰਡ ਦੀ ਕੈਦੇ ਪਾਈਆਂ ਅੱਖੀਆਂ
ਅੱਖੀਆਂ ਕੋਲ ਜਾਂ ਅੱਖੀਆਂ ਆਈਆਂ
ਰੋ ਰੋ ਫੇਰ ਬੁਲਾਈਆਂ ਅੱਖੀਆਂ

ਬੜੀਆਂ ਨੇ ਮੂੰਹ ਜ਼ੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ



Digitized by Panjab Digital Library | www.panjabdigilib.org

ਲਾਡਾਂ ਵਿਚ ਜਾਂ ਆ ਗਈਆਂ ਇਹ
ਪੱਥਰ ਮੋਮ ਬਣਾ ਗਈਆਂ ਇਹ
ਜੰਦਰੇ ਪਹਿਰੇ ਲਗੇ ਰਹਿ ਗਏ
ਅੱਖੀਂ ਘੱਟਾ ਪਾ ਗਈਆਂ ਇਹ

ਪਾਉਂਦੇ ਰਹਿ ਗਏ ਸ਼ੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ

ਸੁਫ਼ਨੇ ਦੇ ਵਿਚ ਅਧੀ ਰਾਤੀਂ
ਟਬਰ ਲਾ ਕੇ ਗਲੀਂ ਬਾਤੀਂ
ਮਾਰ ਮਾਰ ਕੇ ਠਗੀਆਂ ਧਾੜੇ
ਆ ਸੁਤੀਆਂ ਘਰ ਵਿਚ ਪ੍ਰਭਾਤੀਂ

ਲਖ ਲਖ ਦਿਲ ਵਿਚ ਖੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ

ਡੋਲੀਆਂ ਵਿਚ ਲੁਕਾਈਆਂ ਹੋਈਆਂ
ਵੈਰੀਆਂ ਹਥ ਫੜਾਈਆਂ ਹੋਈਆਂ
ਨਜ਼ਰ ਬਚਾਕੇ ਨਸ ਤੁਰੀਆਂ ਇਹ
ਲੋਕਾਂ ਦੀਆਂ ਪੜ੍ਹਾਈਆਂ ਹੋਈਆਂ

ਹੋਈਆਂ ਹੋਰ ਤੋਂ ਹੋਰ ਨੀ ਕੁੜੀਏ
ਅੱਖੀਆਂ ਤੇਰੀਆਂ ਚੋਰ



Digitized by Panjab Digital Library | www.panjabdigilib.org

## ਕੌਣ ਬਣਾਵਾਂ ਮੀਤ ਪ੍ਰਭੂ ਜੀ
## ਕੌਣ ਬਣਾਵਾਂ ਮੀਤ

ਮੀਤ ਬਨਾਵਣ ਵਾਲੀਆ ਅੱਖੀਆਂ
ਕਬਰ ਵਿਚ ਲੁਕ ਗਈਆਂ
ਪ੍ਰੀਤ ਨਿਭਾਵਣ ਵਾਲੀਆਂ ਕਲੀਆਂ
ਰੋ ਰੋ ਕੇ ਸੁਕ ਗਈਆਂ
ਨਾ ਕੋਈ ਲੱਭਦਾ ਦੁਖ ਦਾ ਸਾਂਝੀ
ਨਾ ਕੋਈ ਜਾਣੇ ਪ੍ਰੀਤ
ਪ੍ਰਭੂ ਜੀ...............

ਰਾਤ ਪਵੇ ਤੇ ਦਿਨ ਨਹੀਂ ਚੜ੍ਹਦਾ
ਦਿਨ ਚੜ੍ਹਦਾ ਤਾਂ ਭੀ ਰਾਤ
ਦਿਲ ਦਾ ਮੰਦਰ ਧੋਂਦੀ ਜਾਵੇ
ਹੰਝੂਆਂ ਦੀ ਬਰਸਾਤ
ਆਸ ਦੀ ਦੁਨੀਆਂ ਰੁੜ੍ਹਦੀ ਜਾਂਦੀ
ਬਾਤ ਨ ਪੁਛਦੇ ਮੀਤ
ਪ੍ਰਭੂ ਜੀ............



Digitized by Panjab Digital Library | www.panjabdigilib.org

ਪਰਵਾਨੇ ਦੀ ਪ੍ਰੇਮ ਕਹਾਣੀ
ਪਹਿਲੋਂ ਜੇ ਸੁਣ ਲੈਂਦੀ
ਫੁਲ ਦਾ ਹਾਸਾ ਤੱਕ ਤੱਕ ਕਾਹਨੂੰ
ਮੈਂ ਫੁਲ ਫੁਲ ਕੇ ਬਹਿੰਦੀ
ਮਤਲਬ ਦੀ ਇਸ ਦੁਨੀਆਂ ਅੰਦਰ
ਪ੍ਰੀਤ ਨ ਗਾਉਂਦੀ ਗੀਤ
ਪ੍ਰਭੂ ਜੀ.... ... ... ...
ਪਾਣੀ ਦੇ ਵਿਚ ਵੇਖ ਬੁਲਬੁਲਾ
ਖਿੜਿਆ ਮੇਰਾ ਹਾਸਾ
ਬੁਝ ਗਿਆ ਜਾਂ ਇਸ ਘਰ ਦਾ ਦੀਵਾ
ਪੰਛੀ ਭਇਆ ਨਿਰਾਸਾ
ਹਸਣਾ ਤੇ ਹਸ ਕੇ ਰੋ ਪੈਣਾ
ਵੇਖ ਜਗ ਦੀ ਰੀਤ
ਪ੍ਰਭੂ ਜੀ...............



Digitized by Panjab Digital Library | www.panjabdigilib.org

## ਮਾਏ ਨੀ ਮੈਨੂੰ ਵਸ ਨਾ ਕਿਸੇ ਦੇ ਪਾ

ਇਸ ਦੁਨੀਆਂ ਦੇ ਨਵੇਂ ਤੁਲਾਵੇ
ਇਸ ਦੁਨੀਆਂ ਦੇ ਨਵੇਂ ਬਪਾਰੀ
ਇਸ ਦੁਨੀਆਂ ਦੀਆਂ ਖੇਡਾਂ ਨਵੀਆਂ
ਇਸ ਦੁਨੀਆਂ ਦੇ ਨਵੇਂ ਖਿਡਾਰੀ
ਮੈਂ ਕੀ ਜਾਣਾ ਕੀ ਰਾਹ ਜਾਣਾ

ਨਾ ਕੋਈ ਮੈਨੂੰ ਚਾ—ਮਾਏ ਨੀ.........

ਨਿਤ ਕਰਦੀ ਏਂ ਜਾਣਾ ਜਾਣਾ
ਸਭਨਾਂ ਨੇ ਤੁਰ ਜਾਣਾ
ਇਸ ਮੁਸਾਫਰ ਖਾਨੇ ਦੇ ਵਿਚ
ਰਹਿਕੇ ਫਿਰ ਪਛਤਾਣਾ
ਏਸ ਦੇਸ ਵਿਚ ਪਿੰਜਰੇ ਹੀ ਪਿੰਜਰੇ

ਮੇਰੀ ਜਾਨ ਬਚਾ—ਮਾਏ ਨੀ.......



Digitized by Panjab Digital Library | www.panjabdigilib.org

ਮਹਿੰਦੀ ਵਾਲੇ ਹੱਥ ਨੂੰ ਬੰਨ੍ਹਕੇ
ਲਾਲ ਵਿਆਹ ਦੇ ਗਾਨੇ
ਓਭੜ ਨੈਣਾਂ ਦੇ ਵਿਚ ਪਾਕੇ
ਨੈਣ ਕੋਈ ਦੀਵਾਨੇ
ਬੁਲ੍ਹੀਆਂ ਨਾਲ ਛੁਆ ਕੇ ਬੁਲ੍ਹੀਆਂ

ਅੱਗ ਲਾ ਕੋਈ ਭੜਕਾ—ਮਾਏ ਨੀ... ...

∴

ਫੁਲ ਕੀ ਜਾਣੇ ਹਸਣੇ ਮਗਰੋਂ
ਉਹਦੀ ਦੁਨੀਆਂ ਰੋਵੇ
ਨੈਣ ਕੀ ਜਾਨਣ ਮਿਲਕੇ ਮਗਰੋਂ
ਫੇਰ ਵਿਛੋੜਾ ਹੋਵੇ
ਬੀਤ ਗਈ ਸੋ ਬੀਤ ਗਈ ਏ

ਹੋਰ ਨਾ ਕੁਝ ਸਮਝਾ—ਮਾਏ ਨੀ......



Digitized by Panjab Digital Library | www.panjabdigilib.org

ਅੱਖੀਆਂ ਨੂੰ ਮੀਤ ਬਣਾਕੇ
ਅੱਖੀਓ ਨੀ ਮਰ ਨਾ ਜਾਣਾ
ਅੱਖੀਆਂ ਦੇ ਸੁਣ ਸੁਣ ਤਰਲੇ
ਅੱਖੀਓ ਨੀ ਭਰ ਨਾ ਜਾਣਾ

ਰੋ ਰੋ ਪਰਚਾਵਣ ਪਹਿਲੋਂ
ਲੁਕ ਲੁਕ ਕੇ ਲਾਵਣ ਪਹਿਲੋਂ
ਭਰ ਭਰ ਕੇ ਠੰਡੇ ਹਉਕੇ
ਅੱਖੀਓ ਨੀ ਠਰ ਨਾ ਜਾਣਾ
ਅੱਖੀਆਂ ਨੂੰ ਮੀਤ ਬਣਾਕੇ

ਪਾਪਣ ਇਹ ਨਜ਼ਰਾਂ ਬੁਰੀਆਂ
ਹੰਝੂਆਂ ਦੇ ਓਹਲੇ ਛੁਰੀਆਂ

ਦੁਨੀਆਂ ਦੇ ਲੋਕ ਕਸਾਈ
ਲੋਕਾਂ ਦੇ ਘਰ ਨਾ ਜਾਣਾ
ਅੱਖੀਆਂ ਨੂੰ ਮੀਤ ਬਣਾਕੇ
ਅੱਖੀਓ ਨੀ ਮਰ ਨ ਜਾਣਾ



Digitized by Panjab Digital Library | www.panjabdigilib.org

ਹੱਸਦੇ ਨੂੰ ਸਾੜਣ ਨਜ਼ਰਾਂ
ਪੱਥਰਾਂ ਨੂੰ ਪਾੜਣ ਨਜ਼ਰਾਂ

ਸੂਲਾਂ ਦੇ ਮੂੰਹਾਂ ਉੱਤੇ
ਜਿੰਦੜੀ ਨੂੰ ਧਰ ਨ ਜਾਣਾ
ਅੱਖੀਆਂ ਨੂੰ ਮੀਤ ਬਣਾਕੇ

ਅੱਖੀਆਂ ਦੇ ਮਾਰੇ ਹੋਏ
ਮੁੜਕੇ ਨਾ ਰਾਜ਼ੀ ਹੋਏ

ਦੁਨੀਆਂ ਵਿਚ 'ਨੂਰਪੁਰੀ' ਨੂੰ
ਪਾਗਲ ਨੀ ਕਰ ਨ ਜਾਣਾ
ਅੱਖੀਆਂ ਨੂੰ ਮੀਤ ਬਣਾਕੇ
ਅੱਖੀਓ ਨੀਂ ਮਰ ਨਾ ਜਾਣਾ

ਅੱਖੀਆਂ ਦੇ ਸੁਣ ਤਰਲੇ
ਅੱਖੀਓ ਨੀ ਭਰ ਨ ਜਾਣਾ



Digitized by Panjab Digital Library | www.panjabdigilib.org

## ਬੀਤ ਗਈ ਤੇ ਰੋਣਾ ਕੀ

ਜਾਦੂਗਰ ਨੇ ਖੇਲ ਰਚਾਇਆ
ਮਿੱਟੀ ਦਾ ਇਕ ਬੁਤ ਬਣਾਇਆ
ਫੁਲਾਂ ਵਾਂਗ ਹਸਾਕੇ ਉਸ ਨੂੰ
ਦੁਨੀਆਂ ਦੇ ਵਿਚ ਨਾਚ ਨਚਾਇਆ

ਭੁਲ ਗਿਆ ਉਹ ਹਸਤੀ ਅਪਣੀ
ਵੇਖ ਵੇਖ ਖਰਮਸਤੀ ਅਪਣੀ
ਹਾਸੇ ਹਾਸੇ ਵਿਚ ਲੁਟਾ ਲਈ
ਇਹ ਕਾਇਆਂ ਦੀ ਬਸਤੀ ਅਪਣੀ

ਹੁਣ ਪਛਤਾਏ ਹੋਣਾ ਕੀ
ਬੀਤ ਗਈ ਤੇ ਰੋਣਾ ਕੀ

ਦੁਨੀਆਂ ਹੈ ਦਰਿਆ ਇਕ ਵਗਦਾ
ਹਾਥ ਜਿਹਦੀ ਦਾ ਥਹੁ ਨਹੀਂ ਲਗਦਾ
ਇਕ ਕੰਢੇ ਤੇ ਦਿਸੇ ਅੰਧੇਰਾ
ਇਕ ਕੰਢੇ ਤੇ ਦੀਵਾ ਜਗਦਾ



Digitized by Panjab Digital Library | www.panjabdigilib.org

ਦੀਵੇ ਵਾਲੇ ਜਾਗ ਓ ਭਾਈ
ਤੇਰੇ ਘਰ ਨੂੰ ਢਾਹ ਹੈ ਲਾਈ
ਸਾਹਵੇਂ ਦਿਸਿਆ ਜਦੋਂ ਹਨੇਰਾ
ਓਦੋਂ ਤੈਨੂੰ ਸੋਚ ਨਾ ਆਈ

ਹੁਣ ਇਹ ਬੂਹਾ ਢੱਣਾ ਕੀ
ਬੀਤ ਗਈ ਤੇ ਰੋਣਾ ਕੀ

ਹਸਦਾ ਫੁਲ ਰੁਆਇਆ ਏ ਤੂੰ
ਦੀਵਾ ਤੋੜ ਬੁਝਾਇਆ ਏ ਤੂੰ
ਆਪ ਜਗਾਵੇਂ ਆਪ ਬੁਲਾਵੇਂ
ਏਸੇ ਵਿਚ ਚਿੱਤ ਲਾਇਆ ਏ ਤੂੰ

ਘੜਿਆ ਆਪ ਬਨਾਵੇ ਢਾਵੇ
ਤੇਰਾ ਮਨ ਕਿਉਂ ਗੋਤੇ ਖਾਵੇ
ਸ਼ੈ ਵਾਲਾ ਜੇ ਸ਼ੈ ਲੈ ਜਾਵੇ
ਤੇਰਾ ਕੀ ਲੈ ਜਾਵੇ

ਉਸ ਤੋਂ ਫੇਰ ਲਕੋਣਾ ਕੀ
ਬੀਤ ਗਈ ਤੇ ਰੋਣਾ ਕੀ



Digitized by Panjab Digital Library | www.panjabdigilib.org

# ਜਗਤ ਵਸਾਈਏ

ਔਰਤ—

ਆ ਅਪਨਾ ਜਗਤ ਵਸਾਈਏ
ਸਜਣਾ, ਸਜਣਾ !

ਮਰਦ—

ਆ ਅਪਨਾ ਜਗਤ ਵਸਾਈਏ
ਸਜਣਾ, ਸਜਣਾ !

ਔਰਤ—

ਚੁਗ ਚੁਗ ਕੇ ਇਸ ਜਗ ਦੀਆਂ ਸੂਲਾਂ,
ਕਲੀਆਂ ਫੁਲ ਬਰਸਾਈਏ,
ਸਜਣਾ, ਸਜਣਾ !

ਲਾ ਕੇ ਇਕ ਫੁਲਵਾੜੀ ਸੁੰਦਰ,
ਸਾਂਝਾ ਸਵਰਗ ਬਨਾਈਏ,
ਸਜਣਾ, ਸਜਣਾ !



Digitized by Panjab Digital Library | www.panjabdigilib.org

ਮਰਦ—

ਦਿਲ ਵਿਚ ਦਿਲ ਦੀ ਤਾਰ ਮਿਲਾਕੇ,
ਜੀਵਨ ਸਾਜ਼ ਵਜਾਈਏ,
ਪਿਆਰੀ, ਪਿਅਰੀ !

ਪਿਆਰ ਬਿਨਾਂ ਜੋ ਖਾਲੀ ਹਿਰਦੇ,
ਸਭ ਨੂੰ ਪਿਆਰ ਸਿਖਾਈਏ,
ਪਿਆਰੀ, ਪਿਆਰੀ !

ਔਰਤ—

ਤੂੰ ਹੋਵੇਂ ਕੋਈ ਮੋਰ ਸਜਨ,
ਮੈਂ ਬੱਦਲੀ ਬਣ ਕੇ ਬਰਸਾਂ,
ਸਜਣਾ, ਸਜਣਾ !

ਮਰਦ—

ਤੰ ਇਕ ਪਲ ਜੇ ਲਾਂਭੇ ਹੋਵੇਂ,
ਮੈਂ ਵੇਖਣ ਨੂੰ ਤਰਸਾਂ,
ਪਿਆਰੀ, ਪਿਆਰੀ !

ਦੋਵੇਂ—

ਆ ਅਪਨਾ ਜਗਤ ਵਸਾਈਏ !
ਆ ਅਪਨਾ.... .... .... .... .... ...



Digitized by Panjab Digital Library | www.panjabdigilib.org

## ਮੇਰਾ ਦਿਲ ਨਚਦਾ

ਮੇਰਾਂ ਦਿਲ ਨਚਦਾ,
ਇਹ ਦਿਲ ਨਚਦਾ,
ਹਾਇ ਦਿਲ ਨਚਦਾ !

ਔਰਤ—
ਜਾਂ ਸਾਵਨ ਭਰਿਆ, ਛਲਕ ਛਲਕ ਡੁਲ੍ਹ ਜਾਵੇ,
ਜਾਂ ਰੁੱਤ ਬਸੰਤ ਪੀਆ ਘਰ ਨਾ, ਘਰ ਆਵੇ।
ਜਾਂ ਰਸੀਆ ਰਸ ਭਰੀਆਂ ਅੱਖੀਆਂ ਨੂੰ,
ਅੱਖੀਆਂ ਆਨ ਮਿਲਾਵੇ।

ਮੇਰਾ ਦਿਲ ਨਚਦਾ,
ਇਹ ਦਿਲ ਨਚਦਾ,
ਹਾਇ ਦਿਲ ਨਚਦਾ !



Digitized by Panjab Digital Library | www.panjabdigilib.org

ਮੰਰਦ–

ਜਾਂ ਨਵੀਂ ਜਵਾਨੀ ਫੁਟ ਫੁਟ ਤਰਲੇ ਪਾਵੇ।
ਜਾਂ ਚੰਦ ਵਿਚ ਜੋਬਨ ਨਵਾਂ ਨਵਾਂ ਭੁਰ ਆਵੇ।
ਜਾਂ ਤਾਰਿਆਂ ਭਰੀਆਂ ਰਾਤਾਂ ਵਿਚ
ਕੋਈ ਪ੍ਰੇਮ ਦੇ ਗੀਤ ਸੁਨਾਵੇ।

ਇਹ ਦਿਲ ਨਚਦਾ,
ਹਾਏ ਦਿਲ ਨਚਦਾ,
ਹਾਏ ਦਿਲ ਨਚਦਾ!

ਔਰਤ–

ਜਾਂ ਝੂਠੀਆਂ ਝਿੜਕਾਂ ਮਾਹੀ ਦੇ ਕਲਪਾਵੇ
ਜਾਂ ਰੂਪ ਕਿਸੇ ਦਾ ਪਾਣੀ ਵਿਚ ਅੱਗ ਲਾਵੇ।
ਜਾਂ ਹੰਝੂਆਂ ਭਰੀਆਂ ਅੱਖੀਆਂ ਨੂੰ,
ਕੋਈ ਹੱਸ ਹੱਸ ਕੇ ਗਲੇ ਲਾਵੇ।

ਮੇਰਾ ਦਿਲ ਨਚਦਾ,
ਇਹ ਦਿਲ ਨਚਜਾ,
ਹਾਏ ਦਿਲ ਨਚਦਾ!



Digitized by Panjab Digital Library | www.panjabdigilib.org

ਮਰਦ—

ਜਾਂ ਲਾਟਾਂ ਉੱਤੇ ਸਭ ਮਰਦੇ ਪਰਵਾਨੇ,
ਜਾਂ ਭੌਰੇ ਕਲੀਆਂ ਨਾਲ ਮਿਲਣ ਮਸਤਾਨੇ,
ਜਾਂ ਇਹ ਮਸਤਾਨੀਆਂ ਅੱਖੀਆਂ ਵਿਚ,
ਆ ਜਾਂਦੇ ਰੰਗ ਮਸਤਾਨੇ।

ਮੇਰਾ ਦਿਲ ਨਚਦਾ,
ਇਹ ਦਿਲ ਨਚਦਾ,
ਹਾਏ ਦਿਲ ਨਚਦਾ!



Digitized by Panjab Digital Library | www.panjabdigilib.org

# ਮਸਤ ਜਵਾਨੀ

ਲੁਟ ਲੈ ਮਸਤ ਜਵਾਨੀ ਵੇ
ਆ, ਆ ਵੀ ਸਜਨਾ !
ਮੈਂ ਤੇਰੀ ਦੀਵਾਨੀ ਵੇ
ਆ, ਆ ਵੀ ਸਜਨਾ !
ਭੋਲੇ ਭੋਲੇ ਮੇਰੇ ਨੈਣ ਸ਼ਰਾਬੀ ।
ਸੂਹੇ ਸੂਹੇ ਮੇਰੇ ਹੋਂਠ ਗੁਲਾਬੀ ।
ਮੈਂ ਤੇਰੀ ਮਸਤਾਨੀ ਵੇ,
ਆ, ਆ ਵੀ ਸਜਨਾ !
ਲੁਟ ਲੈ ਮਸਤ ਜਵਾਨੀ ਵੇ,
ਆ, ਆ ਵੀ ਸਜਨਾ !
ਮੈਂ ਤੇਰੀ ਦੀਵਾਨੀ ਵੇ,
ਆ, ਆ ..... ..... ..... ...
ਦੰਦ ਮੇਰੇ ਮੋਤੀਆਂ ਦੀਆਂ ਲੜੀਆਂ ।
ਗੁੱਤ ਮੇਰੀ ਵਿਚ ਲਖ ਹਥ ਕੜੀਆਂ ।
ਨੈਣਾਂ'ਚ ਲਖ ਲਖ ਕਾਨੀ ਵੇ,
ਆ, ਆ ਵੀ ਸਜਨਾ !
ਲੁਟ ਲੈ ਮਸਤ ਜਵਾਨੀ ਵੇ,
ਆ, ਆ ਵੀ ਸਜਨਾ !



Digitized by Panjab Digital Library | www.panjabdigilib.org

## ਉਜੜੀ ਦੁਨੀਆਂ !

ਉਜੜੀ ਹੋਈ ਦੁਨੀਆਂ,
ਤੂੰ ਮੇਰੀ ਫੇਰ ਵਸਾ ਦੇ।
ਬਿਗੜੀ ਨੂੰ ਬਣਾ ਦੇ।

ਇਸ ਪਾਪ ਦੀ ਦੁਨੀਆਂ ਵਿਚ,
ਵਸਣਾ ਨਹੀਂ ਮਿਲਦਾ,
ਰੋਣਾ ਨਹੀਂ ਮਿਲਦਾ,
ਹਸਣਾ ਨਹੀਂ ਮਿਲਦਾ।

ਰੋਂਦੇ ਹੋਏ ਨੈਣਾਂ ਨੂੰ ਮੇਰੇ,
ਹਸਣਾ ਸਿਖਾ ਦੇ,
ਬਿਗੜੀ ਨੂੰ ਬਣਾ ਦੇ—

ਉਜੜੀ ਹੋਈ ਦੁਨੀਆਂ,
ਤੂੰ ਮੇਰੀ ਫੇਰ ਵਸਾ ਦੇ।
ਬਿਗੜੀ ਨੂੰ..... ..... .....



Digitized by Panjab Digital Library | www.panjabdigilib.org

ਕਿਉਂ ਰੁਸ ਗਿਆ ਏਂ ਸਜਣਾ,
ਕੀ ਦੋਸ਼ ਹੈ ਮੇਰਾ।
ਕਿਉਂ ਕੀਤਾ ਈ ਸਜਣਾ,
ਮੇਰੀ ਦੁਨੀਆਂ 'ਚ ਹਨੇਰਾ।

ਬੁਝਦੀ ਹੋਈ ਆਸਾਂਦੀ ਸ਼ਮ੍ਹਾਂ,
ਆ ਕੇ ਜਗਾ ਦੇ।
ਬਿਗੜੀ ਨੂੰ ਬਣਾ ਦੇ—

ਉਜੜੀ ਹੋਈ ਦੁਨੀਆਂ,
ਤੂੰ ਮੇਰੀ ਫੇਰ ਵਸਾ ਦੇ,
ਬਿਗੜੀ ਨੂੰ...... ...... ......



Digitized by Panjab Digital Library | www.panjabdigilib.org

# ਦੁਨੀਆ ਵਾਲੇ ਬੁਰੇ

ਦੁਨੀਆ ਵਾਲੇ ਬੁਰੇ।
ਓਏ ਬਾਬਾ!
ਦੁਨੀਆ ਵਾਲੇ ਬੁਰੇ!

ਭੋਲੇ ਭੋਲੇ ਨੈਣ ਜਿਨ੍ਹਾਂ ਦੇ,
ਮਿੱਠੇ ਮਿੱਠੇ ਬੈਨ ਜਿਨ੍ਹਾਂ ਦੇ,

ਸੰਨ੍ਹਾਂ ਮਾਰਨ ਤੁਰੇ।
ਓਏ ਬਾਬਾ!
ਦੁਨੀਆ ਵਾਲੇ ਬੁਰੇ।

ਦਿਨ ਨੂੰ ਚਿੜੀਆਂ ਕੋਲੋਂ ਡਰਦੇ,
ਰਾਤ ਪਵੇ ਤੇ ਨਦੀਆਂ ਤਰਦੇ,

ਲਭਦੇ ਖੋਜ ਨਾ ਖੁਰੇ।
ਓਏ ਬਾਬਾ!
ਦੁਨੀਆ ਵਾਲੇ ਬੁਰੇ।



Digitized by Panjab Digital Library | www.panjabdigilib.org

ਗਲ ਵਿਚ ਮਾਲਾ ਤਿਲਕਾਂ ਵਾਲੈ,
ਉਪਰੋਂ ਬਗਲੇ ਅੰਦਰੋਂ ਕਾਲੇ

ਬਗਲਾਂ ਦੇ ਵਿਚ ਛੁਰੇ।
ਉਏ ਬਾਬਾ!
ਦੁਨੀਆ ਵਾਲੇ ਬੁਰੇ।

ਜਿੰਨੇ ਦਰਦੀ ਓਨੇ ਵੈਰੀ,
ਜਿੰਨੇ ਛੋਟੇ ਓਨੇ ਜ਼ਹਿਰੀ,

'ਨੂਰਪੁਰੀ' ਰਹੁ ਉਰੇ।
ਉਏ ਬਾਬਾ!
ਦੁਨੀਆ ਵਾਲੇ ਬੁਰੇ।



Digitized by Panjab Digital Library | www.panjabdigilib.org

# ਮਾਹੀ ਮੇਰਾ ਗੁਸੇ ਗੁਸੇ

ਮੈਨੂੰ ਸੁੱਤਿਆਂ ਨੀਂਦ ਨਾ ਆਵੇ,
ਨੀ ਮਾਹੀ ਮੇਰਾ ਗੁੱਸੇ ਗੁੱਸੇ।
ਮੇਰਾ ਜੋਬਨ ਡੁਲ੍ਹ ਡੁਲ੍ਹ ਜਾਵੇ,
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ,
ਨੀ ਮੈਂ ਘੁੰਡ ਵਿਚ ਡੱਕ ਡੱਕ ਰੱਖੀਆਂ,
ਮੈਨੂੰ ਤਾਹਨੇ ਦੇਂਦੀਆਂ ਸਖੀਆਂ—
ਨੀ ਮਾਹੀ ਮੇਰਾ ਗੁੱਸੇ ਗੁੱਸੇ

ਮੈਨੂੰ ਸੁੱਤਿਆਂ ਨੀਂਦ ਨਾ ਆਵੇ,
ਨੀ ਮਾਹੀ ਮੇਰਾ ਗੁੱਸੇ ਗੁੱਸੇ।
ਮੇਰਾ ਜੋਬਨ ਡੁਲ੍ਹ ਡੁਲ੍ਹ ਜਾਵੇ,
ਨੀ ਮਾਹੀ... ... .... ... .... ....



Digitized by Panjab Digital Library | www.panjabdigilib.org

ਔਹ ਕਾਲੀਆਂ ਬੱਦਲੀਆਂ ਆਈਆਂ,
ਸਾਵਨ ਨੇ ਝੜੀਆਂ ਲਾਈਆਂ,
ਮੈਂ ਫਿਰਦੀ ਹਾਂ ਵਾਂਗ ਸ਼ੁਦਾਈਆਂ—
ਨੀ ਮਾਹੀ ਮੇਰਾ ਗੁੱਸੇ ਗੁੱਸੇ।

ਮੈਨੂੰ ਸੁਤਿਆਂ ਨੀਂਦ ਨਾ ਆਵੇ,
ਨੀ ਮਾਹੀ ਮੇਰਾ ਗੁੱਸੇ ਗੁੱਸੇ।
ਮੇਰਾ ਜੋਬਨ ਡਲ੍ਹ ਡਲ੍ਹ ਜਾਵੇ,
ਨੀ ਮਾਹੀ .... .... .... ...... ........



Digitized by Panjab Digital Library | www.panjabdigilib.org

## ਪੁੰਨ੍ਹੂੰ

ਮੈਨੂੰ ਨੀਂਦ ਤੱਤੀ ਨੂੰ ਆ ਗਈ,
ਵੇ ਮੈਂ ਸੌਂ ਗਈ ਸਹਿਜ ਸੁਭਾ।

ਵੇ ਮੈਂ ਲੁਟ ਲਈ ਪਿੰਡ ਦੇ ਪਾਹਰੂਆਂ,
ਕਿਤੇ ਜੂਹ ਵਿਚ ਜਾਦੂ ਪਾ।

ਮੈਨੂੰ ਕੱਲੀ ਸਿਟ ਵੇ ਸ਼ੁਦਾਇਣ ਨੂੰ,
ਮੇਰੇ ਰੋਂਦੇ ਛੱਡ ਗਿਆ ਚਾ।

ਕਿਤੇ ਤੇਰਾ ਕਚਾਵਾ ਟੁਟ ਪਵੇ,
ਮੇਰੀ ਡਾਢੇ ਕੋਲ ਦੁਆ।

ਤੇਨੂੰ ਪਲ ਵਿਚ ਰੋੜ੍ਹਕੇ ਲੈ ਜਾਏ,
ਮੇਰੇ ਹੰਝੂਆਂ ਦਾ ਦਰਿਆ।

ਵੇ ਤੇਰੀ ਡਾਚੀ ਨੂੰ ਲਭਦੀ ਮੈਂ ਫਿਰਾਂ,
ਮਾਰੂ ਥਲ ਦੇ ਵਿਚ ਕੁਰਲਾ।

ਮੇਰੀ ਮਹਿੰਦੀ 'ਚੋ ਲੰਬਾਂ ਨਿਕਲੀਆਂ,
ਗਈਆਂ ਪੈਰੀਂ ਛਾਲੇ ਪਾ।



Digitized by Panjab Digital Library | www.panjabdigilib.org

ਲੱਖਾਂ ਸੂਰਜ ਚੜ੍ਹ ਪਏ ਰੇਤ 'ਚ,
ਮੇਰਾ ਜੋਬਨ ਨਾ ਕਲਪਾ।

ਮੈਨੂੰ ਮੋਈ ਨੂੰ ਪੰਛੀ ਰੋਣਗੇ,
ਉਤੇ ਕਫ਼ਨ ਪਰਾਂ ਦਾ ਪਾ।

ਇਹੋ ਵਾਜ ਆਵੇਗੀ ਕਬਰ 'ਚੋਂ,
ਮੇਰਾ ਪੁੰਨੂੰ ਦਿਓ ਮਿਲਾ।

ਪੂੰਨੂੰ ਬਹਿਕੇ ਕਬਰ ਤੇ,
ਅਜ ਰੁਨਾ ਜ਼ਾਰੋ ਜ਼ਾਰ।

ਨੀ ਤੂੰ ਉਠ ਬਹੁ ਹੰਝੂਆਂ ਵਾਲੀਏ,
ਜ਼ਰਾ ਮੈਂ ਵਲ ਬਾਂਹ ਉਲਾਰ।

ਨੀ ਤੂੰ ਰੱਜ ਰਜ ਮੈਨੂੰ ਵੇਖ ਲੈ,
ਅਜ ਰੱਜ ਰੱਜ ਕਰ ਲੈ ਪਿਆਰ।

ਮੈਨੂੰ ਇਕੋ ਰਾਤ ਨ ਭੁਲਦੀ,
ਜਦੋਂ ਸੇਜੋਂ ਖੁਸ ਗਏ ਯਾਰ।

ਤੇਰਾ ਰੰਗਲਾ ਚੂੜਾ ਚੁੰਮ ਲਵਾਂ,
ਜ਼ਰਾ ਮੈਂ ਵਲ ਬਾਂਹ ਉਲਾਰ।

ਮੈਨੂੰ ਦੱਸੀਂ ਰੋ ਰੋ ਪੰਛੀਆ,
ਤੇਰੇ ਦਿਲ ਦੀ ਹਾਲ ਪੁਕਾਰ।



Digitized by Panjab Digital Library | www.panjabdigilib.org

# ਬਾਂਕਾ

ਨੀ ਮੈਂ ਆਪਣਾ ਆਪ ਭੁਲਾ ਬੈਠੀ,
ਗੱਲਾਂ ਸੁਣ ਸੁਣ ਬਾਂਕੇ ਯਾਰ ਦੀਆਂ।
ਉਹ ਰੁਤਬਾ ਰੱਖਦੀਆਂ ਹੰਸਾਂ ਦਾ,
ਜੋ ਚਿੜੀਆਂ ਉਹਦੇ ਦਰਬਾਰ ਦੀਆਂ।

ਕਦੀ ਘੁੰਗਟ ਚੁਕ ਕੇ ਵੇਖ ਤੇ ਸਹੀ,
ਅੱਜ ਮਿੰਨਤਾਂ ਅਉਗਣ ਹਾਰ ਦੀਆਂ।
ਕਈ ਬੈਠੀਆਂ ਦਰ ਤੇ ਸੱਕ ਗਈਆਂ,
ਜੋ ਭੁਖੀਆਂ ਤੇਰੇ ਦਰਬਾਰ ਦੀਆਂ।

ਮੇਰੇ ਦਿਲਵਿਚ ਮੁੜਮੁੜ ਰੜਕਦੀਆਂ,
ਚੋਭਾਂ ਨੈਣਾਂਦੇ ਇਕਇਕ ਵਾਰ ਦੀਆਂ।
ਜੀਹਨੂੰ ਪਰੀਆਂ ਕਰਦੀਆਂ ਮੋਰ ਛਲਾਂ
ਤੇਰਾ ਵਿਹੜਾ ਫਿਰਨ ਬਹਾਰ ਦੀਆਂ।

ਮੇਰੇ ਦਿਲ ਵਿਚ ਲੰਭਾਂ ਭੜਕਦੀਆਂ,
ਉਸ ਹੁਸਨ ਭਰੀ ਸਰਕਾਰ ਦੀਆਂ।
ਜਿਹਾ ਭਾਂਬੜ ਲਾਯਾ ਈ ਬੁਝਦਾ ਨਹੀਂ,
ਲੱਖਾਂ ਅੱਥਰੂ ਸਿਟ ਸਿਟ ਠਾਰਦੀਆਂ।



Digitized by Panjab Digital Library | www.panjabdigilib.org

# ਵਟਣਾ !

ਮਾਏ ਨੀ ਸਾਨੂੰ ਲਾ ਨਾ ਵਟਣਾ,
ਮੈਂ ਢੋਲੇ ਬਿਨ ਪਲ ਨਹੀਂ ਕਟਣਾ ;

ਨਾ ਪਾ ਸੂਹੀਆਂ ਲਾਲ ਪੁਸ਼ਾਕਾਂ,
ਨਹੀਂ ਛੱਡਣਾ ਤੈਨੂੰ ਤੇਰਿਆਂ ਸਾਕਾਂ ।

ਮੈਂ ਰੰਗਲਾ ਚੂੜਾ ਭੰਨ ਸਟਣਾ ।
ਮੈਂ ਢੋਲੇ ਬਿਨ ਪਲ ਨਹੀਂ ਕਟਣਾ ।

ਪਾ ਕੇ ਨੱਥ ਕਿਉਂ ਖੁੰਝਦੀ ਜਾਵੇਂ,
ਕਿਸ ਦੇ ਹੱਥ ਮੁਹਾਰ ਫੜਾਵੇਂ ।

ਇਸ ਗੱਲ ਵਿਚੋਂ ਤੂੰ ਕੀ ਖਟਣਾ ।
ਮੈਂ ਢੋਲੇ ਬਿਨ ਪਲ ਨਹੀਂ ਕਟਣਾ ।

ਮੇਰੇ ਨੈਣ ਨੇ ਹਉਕੇ ਭਰਦੇ,
ਢੋਲਾ ਦੇਕੇ ਰਾਜ਼ੀ ਕਰਦੇ,

ਨੀਂ ਮਾਏ ਤੇਰਾ ਕੁਝ ਨਹੀਂ ਘਟਣਾ ।
ਮੈਂ ਢੋਲੇ ਬਿਨ ਪਲ ਨਹੀਂ ਕਟਣਾ ।



Digitized by Panjab Digital Library | www.panjabdigilib.org

# ਦਿਲ ਦਾ ਮਹਿਰਮ !

ਦਿਲ ਦਾ ਮਹਿਰਮ ਆਇਆ ਨਹੀਂ,
ਕਮਲੀ ਨੂੰ ਗਲ ਲਾਇਆ ਨਹੀਂ ।

ਰਾਹਾਂ ਦੇ ਵਿਚ ਨੈਣ ਖਲੋਤੇ
ਜਗ ਦੀਆਂ ਨਜ਼ਰਾਂ ਵਿਚ ਪਰੋਤੇ
ਦਿਨ ਡੁਬਿਆ ਜਿੰਦ ਖਾਂਦੀ ਗੋਤੇ

ਚੰਦ ਕਿਧਰੇ ਦਿਸ ਆਇਆ ਨਹੀਂ,

ਦਿਲ ਦਾ ਮਹਿਰਮ ਆਇਆ ਨਹੀਂ,
ਕਮਲੀ ਨੂੰ ਗਲ ..... ..... .....

ਥਾਂ ਥਾਂ ਜਿੰਦੜੀ ਤਰਲੇ ਕਰਦੀ
ਜਣੀ ਖਣੀ ਦੇ ਮਿਹਣੇ ਜਰਦੀ
ਵੇ ਸਾਈਆਂ ਮੈਂ ਤੇਰੀ ਬਰਦੀ

ਮੈਂ ਤੇ ਮਨੋਂ ਭੁਲਾਇਆ ਨਹੀਂ,

ਦਿਲ ਦਾ ਮਹਿਰਮ ਆਇਆ ਨਹੀਂ,
ਕਮਲੀ ਨੂੰ ਗਲ ........................



Digitized by Panjab Digital Library | www.panjabdigilib.org

ਦਿਲ ਵਿਚ ਬਲਦੇ ਲਾਂਬੂ ਲੰਬੇ
ਜਿਉਂ ਪਾਣੀ ਬਿਨ ਮੱਛੀ ਕੰਬੇ
ਰਾਹ ਵਲ ਤੱਕਦੇ ਨੈਣ ਨੇ ਅੰਬੇ,

ਸਜਨਾ ਮੁਖ ਦਿਖਲਾਇਆ ਨਹੀਂ,

ਦਿਲ ਦਾ ਮਹਿਰਮ ਆਇਆ ਨਹੀਂ,
ਕਮਲੀ ਨੂੰ ਗਲ ... ... ... ... ... ... ...

ਜ਼ੁਲਫ਼ਾਂ ਦੇ ਕੁੰਡਲਾਂ ਵਿਚ ਵਲੀਆਂ
ਲੱਖਾਂ ਉਸ ਨੂੰ ਢੂੰਢਣ ਚਲੀਆਂ
ਸੜ ਮੋਈਆਂ ਕਈ ਭਲੀਆਂ ਭਲੀਆਂ

ਡਾਚੀ ਨੂੰ ਪਰਤਾਇਆ ਨਹੀਂ,

ਦਿਲ ਦਾ ਮਹਿਰਮ ਆਇਆ ਨਹੀਂ,
ਕਮਲੀ ਨੂੰ ਗਲ ... ... ... ... ...



Digitized by Panjab Digital Library | www.panjabdigilib.org

# ਮਸਤਾਨਾ ਬਨਾ ਦੇ !

ਮਰਦ—

ਇਕ ਹੋਰ ਪਿਆ ਦੇ,
ਇਕ ਹੋਰ ਪਿਆ ਦੇ,
ਦੀਵਾਨਾ ਬਨਾ ਦੇ,
ਮਸਤਾਨਾ ਬਨਾ ਦੇ।

ਔਰਤ—

ਮੇਰੇ ਅੱਖੀਆਂ ਦੇ ਪਿਆਸੇ,
ਪੀ ਤੇਰੇ ਹਵਾਲੇ,
ਪੀ, ਪੀ ਕੇ ਮੁਕਾ ਦੇ,
ਇਕ ਹੋਰ ਪਿਆ ਦੇ।
ਦੀਵਾਨਾ ਬਨਾ ਦੇ,
ਮਸਤਾਨਾ ਬਨਾ ਦੇ।



Digitized by Panjab Digital Library | www.panjabdigilib.org

ਮਰਦ—

ਮੇਰੀ ਹੋਸ਼ ਦੀ ਨਗਰੀ,
ਬੇਹੋਸ਼ ਬਨਾ ਦੇ।
ਬੇਹੋਸ਼ ਬਨਾ ਦੇ,
ਖਾਮੋਸ਼ ਬਨਾ ਦੇ।
ਦੀਵਾਨਾ ਬਨਾ ਦੇ,
ਮਸਤਾਨਾ ਬਨਾ ਦੇ।

ਔਰਤ—

ਮੇਰੀ ਚੜ੍ਹਦੀ ਜਵਾਨੀ,
ਦਰਿਆ ਦੀ ਰਵਾਨੀ।
ਤੇਰੀ ਦੁਨੀਆਂ ਦੀਵਾਨੀ,
ਮੇਰੀ ਮਸਤ ਜਵਾਨੀ।
ਪੀ, ਪੀ ਕੇ ਮੁਕਾ ਦੇ,
ਇਕ ਹੋਰ ਪਿਆ ਦੇ।

ਦੀਵਾਨਾ ਬਨਾ ਦੇ,
ਮਸਤਾਨਾ ਬਨਾ ਦੇ।
ਇਕ ਹੋਰ ਪਿਆ ਦੇ,
ਇਕ ਹੋਰ... ... ... ... ... ...



Digitized by Panjab Digital Library | www.panjabdigilib.org

# ਪ੍ਰੇਮ !

ਇਸ ਪ੍ਰੇਮ ਦੀ ਸਮਝ ਨ ਆਈ ਨੀ,
ਇਸ ਪ੍ਰੇਮ ਦੀ ਸਮਝ ਨ ਆਈ ਨੀ ।

ਕੋਈ ਦਰ ਦਰ ਭਿਛਿਆ ਮੰਗਦਾ ਨੀ,
ਕੋਈ ਭਗਵੇਂ ਕਪੜੇ ਰੰਗਦਾ ਨੀ,
ਕੋਈ ਲਭਦਾ ਸੰਗਦਾ ਸੰਗਦਾ ਨੀ,

ਕੋਈ ਫਿਰਦਾ ਕੰਨ ਪੜਵਾਈ ਨੀ–

ਇਸ ਪ੍ਰੇਮ ਦੀ ਸਮਝ ਨਾ ਆਈ ਨੀ,
ਇਸ ਪ੍ਰੇਮ ਦੀ ..... ..... ..... ...

ਕੋਈ 'ਲੈਲਾ' 'ਲੈਲਾ' ਕਰਦਾ ਨੀ,
ਕੋਈ ਸੋਹਣਾ ਡੁਬ ਡੁਬ ਮਰਦਾ ਨੀ,
ਇਹ ਇਸ਼ਕ ਨਾ ਮੌਤੋਂ ਡਰਦਾ ਨੀ,

ਪਿਆ ਥਲ ਵਿਚ ਦੇਵੇ ਦੁਹਾਈ ਨੀ–

ਇਸ ਪ੍ਰੇਮ ਦੀ ਸਮਝ ਨਾ ਆਈ ਨੀ,
ਇਸ ਪ੍ਰੇਮ ਦੀ .... ... ... ... ... ...



Digitized by Panjab Digital Library | www.panjabdigilib.org

ਕੋਈ ਬੁਲਬੁਲ ਬਨ ਬਨ ਬਹਿਕੇ ਨੀ,
ਕੋਈ ਕਲੀਆਂ ਬਨ ਬਨ ਟਹਿਕੇ ਨੀ,
ਕੋਈ ਭੰਵਰਾ ਬਨ ਬਨ ਸਹਿਕੇ ਨੀ,

ਕੋਈ ਫਿਰਦਾ ਬੀਨ ਬਜਾਈ ਨੀ—

ਇਸ ਪ੍ਰੇਮ ਦੀ ਸਮਝ ਨਾ ਆਈ ਨੀ,
ਇਸ ਪ੍ਰੇਮ ਦੀ ਸਮਝ ਨਾ ਆਈ ਨੀ,

ਕੋਈ ਨੈਣ ਗਜ਼ਬ ਦੇ ਮਾਰੇ ਨੀ,
ਕੋਈ ਪੰਛੀ ਕੈਦ ਵਿਚਾਰੇ ਨੀ,
ਕੋਈ ਹੱਸ ਹੱਸ ਖ਼ੂਨ ਗੁਜ਼ਾਰੇ ਨੀ,

ਕੋਈ ਰਾਤੀਂ ਸੌਂ ਪਛਤਾਈ ਨੀ—

ਇਸ ਪ੍ਰੇਮ ਦੀ ਸਮਝ ਨਾ ਆਈ ਨੀ,
ਇਸ ਪ੍ਰੇਮ ਦੀ ... ... .... .... ... ...



Digitized by Panjab Digital Library | www.panjabdigilib.org

# ਮਾਹੀ !

LIBRARY
A.C.C. No.

ਮਾਹੀ ਗੁਸੇ ਗੁਸੇ ਕਿਉਂ ਰਹਿੰਦਾ ਨੀ,
ਸਾਨੂੰ. ਦਿਲ ਦਾ ਦੁਖ ਨਾ ਕਹਿੰਦਾ ਨੀ !

ਕਾਲੀ ਬਦਲੀ ਕੇਸ ਖਿਲਾਰੇ,
ਹਸਦੇ ਹਸਦੇ ਲੁਕ ਗਏ ਤਾਰੇ।

ਇਹ ਦਿਲ ਹਟਕੋਰੇ ਲੈਂਦਾ ਨੀ—
ਮਾਹੀ ਗੁਸੇ ਗੁਸੇ ਕਿਉਂ ਰਹਿੰਦਾ ਨੀ ! 5869

ਬਾਗ ਹੁਸਨ ਦਾ ਖਿੜਿਆ ਪਿਆਰਾ,
ਇਕ ਇਕ ਫੁਲ ਦਾ ਮਸਤ ਇਸ਼ਾਰਾ।

ਭੰਵਰਾ ਰੁਸ ਰੁਸ ਬਹਿੰਦਾ ਨੀ—
ਮਾਹੀ ਗੁਸੇ ਗੁਸੇ ਕਿਉਂ ਰਹਿੰਦਾ ਨੀ !

ਤਰਲੇ ਕਰ ਕਰ ਦਿਲ ਸਮਝਾਇਆ,
ਫੇਰ ਭੀ ਜ਼ਾਲਮ ਬਾਜ਼ ਨ ਆਇਆ।

ਸਜਣ ਪਿਛੇ ਟੁਰ ਪੈਂਦਾ ਨੀ,
ਮਾਹੀ ਗੁਸੇ ਗੁਸੇ ਕਿਉਂ ਰਹਿੰਦਾ ਨੀ !



Digitized by Panjab Digital Library | www.panjabdigilib.org

# ਬੋਲੀਆਂ !

ਇਕ ਕੁੜੀ—

ਪੈਰੀਂ ਮੇਰੇ ਝਾਂਜਰਾਂ,
ਤੇ ਬਾਹੀਂ ਮੇਰੇ ਬੰਦ ਨੀ,
ਵੇਖ ਲੌ ਸਈਓ ਨੀ,
ਮੇਰੇ ਘੁੰਡ ਵਿਚ ਚੰਦ ਨੀ।

ਦੂਜੀ—

ਨੈਣੀਂ ਮੇਰੇ ਕਜਲਾ,
ਤੇ ਹਥੀਂ ਮਹਿੰਦੀ ਲਾਲ ਵੇ।
ਛਡ ਮੇਰੀ ਵੀਣੀ ਤੇਰਾ,
ਨਿਤ ਇਹ ਸਵਾਲ ਵੇ।

ਤੀਜੀ—

ਗੋਰੀਆਂ ਨੇ ਬਾਹਾਂ ਮੈਂ,
ਚੜ੍ਹਾਈਆਂ ਵੰਗਾਂ ਕਾਲੀਆਂ
ਅੱਖੀਆਂ 'ਚ ਹਸੇ ਮੂੰਹੋਂ,
ਕਢੇ ਮਾਹੀ ਗਾਲੀਆਂ।

ਚੌਥੀ—

ਮਾਹੀ ਵਸੇ ਪਰਦੇਸ ਮੈਨੂੰ,
ਉਹਨੇ ਵੰਗਾਂ ਘਲੀਆਂ,
ਵੇਖ ਵੇਖ ਵੰਗਾਂ ਸਈਆਂ,
ਸਹੁਰਿਆਂ ਦੇ ਚਲੀਆਂ।



Digitized by Panjab Digital Library | www.panjabdigilib.org

# ਜੋਗੀ !

ਇਕ 'ਜੋਗੀ' ਮੁੰਦਰਾਂ ਵਾਲਾ,
ਹੀਰੇ ਤੇਰੇ ਪਿੰਡ ਵਿਚ ਆਇਆ।
ਉਹਨੇ ਤਨ ਤੇ ਭਸਮ ਰੁਮਾਇਆ,
ਹੀਰੇ ਤੇਰੇ ਪਿੰਡ ਵਿਚ ਆਇਆ।

ਰੋ ਰੋ ਕੇ ਜਾਂ ਗੱਲਾਂ ਕਰਦਾ,
'ਹੀਰ' 'ਹੀਰ' ਕਹਿ ਹਉਕੇ ਭਰਦਾ,
ਉਹਨੇ ਸਭਦਾ ਦਿਲ ਭਰਮਾਇਆ ਨੀ।
ਤੇਰੇ ਪਿੰਡ ਵਿਚ ਆਇਆ।
ਇਕ 'ਜੋਗੀ' ਮੁੰਦਰਾਂ ਵਾਲਾ,
ਹੀਰੇ ਤੇਰੇ ਪਿੰਡ.. ... ... ... ....

ਗਲ ਵਿਚ ਪਾਈਆਂ ਬੁਕਬੁਕ ਲੀਰਾਂ
ਹਾਲ ਬਨਾਏ ਵਾਂਗ ਫਕੀਰਾਂ
ਉਹਨੇ ਖੂਹ ਤੇ ਧੂਣਾ ਤਾਇਆ ਨੀ—
ਤੇਰੇ ਪਿੰਡ ਵਿਚ ਆਇਆ।



Digitized by Panjab Digital Library | www.panjabdigilib.org

ਇਕ 'ਜੋਗੀ' ਮੁੰਦਰਾਂ ਵਾਲਾ,
ਹੀਰੇ ਤੇਰੇ ਪਿੰਡ... ... ... ... ....

ਓਹ ਆਇਆ ਕੋਈ ਲਾਲ ਗਵਾਕੇ,
ਪਿੰਡ ਪਿੰਡ ਲਭਦਾ ਭੇਸ ਵਟਾਕੇ,
ਭੁਖਾ ਤੇ ਤਿਰਹਾਇਆ ਨੀ—

ਤੇਰੇ ਪਿੰਡ ਵਿਚ ਆਇਆ।

ਇਕ 'ਜੋਗੀ' ਮੁੰਦਰਾਂ ਵਾਲਾ,
ਹੀਰੇ ਤੇਰੇ ਪਿੰਡ... .... ... ... ...

---

ਦੀ ਮਿਨਰਵਾ ਪ੍ਰੈਸ ਅੰਮ੍ਰਿਤਸਰ ਵਿਚ ਮੈਨੇਜਰ
ਗੁਰਕੀਰਤ ਸਿੰਘ 'ਭਾਈ' ਦੇ ਪ੍ਰਬੰਧ ਹੇਠ ਛਪੀ।

Digitized by Panjab Digital Library | www.panjabdigilib.org

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਪੰਜਾਬੀ ਦੀਆਂ ਪ੍ਰਸਿੱਧ ਕਿਤਾਬਾਂ ਦੀ

# ਸੂਚੀ ਪੱਤ੍ਰ

## ਦੂਰ ਬੈਠੇ ਸਜਣਾਂ ਲਈ !

(੧) ਆਪਣਾ ਨਾਮ, ਪਿੰਡ, ਡਾਕਖਾਨਾ ਜ਼ਿਲਾ ਪੂਰਾ ਤੇ ਸਾਫ ਲਿਖੋ। ਸੀਲੋਨ, ਬਰਮਾਂ ਅਤੇ ਟਾਪੂ ਨਿਵਾਸੀ ਸੱਜਣ ਆਪਣਾ ਤੇ ਸਾਡਾ ਪਤਾ ਅੰਗ੍ਰੇਜ਼ੀ ਵਿਚ ਲਿਖ ਕੇ ਘੱਲਿਆ ਕਰਨ।

(੨) ਸਮੁੰਦਰੋਂ ਪਾਰ, ਹੋਰਨਾਂ ਦੂਰ ਦੇਸਾਂ ਵਿਚ ਵ੍ਹੀ. ਪੀ. ਨਹੀਂ ਜਾ ਸੱਕਦਾ, ਇਸ ਲਈ ਉਨ੍ਹਾਂ ਥਾਵਾਂ ਦੇ ਗਾਹਕ ਸਾਰੀ ਰਕਮ ਡਾਕ ਖਰਚ ਸਣੇ ਪੇਸ਼ਗੀ ਭੇਜਣ ! ਬਰਮਾਂ ਵਿਚ ਵੀ. ਪੀ ਜਾ ਸਕਦਾ ਹੈ, ਪਰ ਖਰਚ ਦਾ ਰੇਟ ਬਹੁਤ ਵਧ ਗਿਆ ਹੈ, ਇਸ ਲਈ ਆਰਡਰ ਨਾਲ ਘੱਟ ਤੋਂ ਘੱਟ ੫) ਪੇਸ਼ਗੀ ਔਣੇ ਜ਼ਰੂਰੀ ਹਨ।

(੩) ਅੱਜ ਕਲ ਦੇ ਨਿਰਖਾਂ ਵਿਚ ਕੁਝ ਕਮੀ ਬੇਸ਼ੀ

Digitized by Panjab Digital Library | www.panjabdigilib.org

ਹੁੰਦੀ ਰਹਿੰਦੀ ਹੈ। ਸੋ ਆਰਡਰ ਆਉਂਣ ਸਮੇਂ ਜੋ ਨਿਰਖ ਯੋਗ ਹੋਵੇਗਾ ਉਹੀ ਲਵਾਂਗੇ।

(੪) ਪੁਸਤਕਾਂ, ਕੰਘੇ, ਕੜੇ ਤੇ ਹੋਰ ਮਾਲ ਨਕਦ ਰਕਮ, ਪੇਸ਼ਗੀ ਆਉਣ ਪਰ ਵੀ. ਪੀ. ਦੀ ਰਾਹੀਂ ਭੇਜਿਆ ਜਾਂਦਾ ਹੈ।

(੫) ਇਕ ਰੁਪੈ ਤੋਂ ਘਟ ਕੀਮਤ ਦੀ ਚੀਜ਼ ਮੰਗਵਾਨੀ ਹੋਵੇ ਤਾਂ ਓਨੀ ਕੀਮਤ ਦੀਆਂ ਟਿਕਟਾਂ ਲਫ਼ਾਫ਼ੇ ਵਿਚ ਪਾ ਭੇਜੋ, ਕਿਉਂਕਿ ੧) ਤੋਂ ਘੱਟ ਕੀਮਤ ਦੀ ਚੀਜ਼ ਭੇਜਨ ਵਿਚ ਡਾਕ ਖਰਚ ਬਹੁਤ ਲਗ ਜਾਂਦਾ ਹੈ ਤੇ ਗਾਹਕ ਦਾ ਨੁਕਸਾਨ ਹੁੰਦਾ ਹੈ। ਬਰਮਾ ਨਿਵਾਸੀ ਸੱਜਣ ਖਾਸ ਧਿਆਨ ਰੱਖਣ।

(੬) ਕਈ ਚਲਾਕ ਦੁਕਾਨਦਾਰ ਪਹਿਲਾਂ ਸੂਚੀ ਪੱਤ੍ਰ ਵਿਚ ਕੀਮਤ ਵਧ ਛਾਪਕੇ ਕਮਿਸ਼ਨ ਦਾ ਲਾਲਚ ਦੇ ਕੇ ਗਾਹਕਾਂ ਨੂੰ ਟਪਲੇ ਵਿਚ ਪਾ ਦਿੰਦੇ ਹਨ ਸੋ ਯਾਦ ਰਖੋ ਕਿ ਕਮਿਸ਼ਨ ਸਦਾ ਗਾਹਕ ਦੇ ਸਿਰੋਂ ਹੀ ਨਿਕਲਦੀ ਹੈ। ਕੋਈ ਦੁਕਾਨਦਾਰ ਆਪਣੇ ਆਪ ਨੂੰ ਘਾਟਾ ਨਹੀਂ ਪੁਆਉਂਦਾ।

(੭) ਇਸ ਸੂਚੀ ਪੱਤ੍ਰ ਵਿਚ ਆਮ ਤੌਰ ਤੇ ਮਸ਼ਹੂਰ ਪੁਸਤਕਾਂ ਦੇ ਨਾਮ ਦਿਤੇ ਗਏ ਹਨ, ਹੋ ਸਕਦਾ ਹੈ ਕਈ ਪੁਸਤਕਾਂ ਦੇ ਨਾਮ ਦਰਜ ਹੋਣੋਂ ਰਹਿ ਗਏ ਹੋਣ। ਆਰਡਰ ਦੇਣ ਵੇਲੇ ਅਗਰ ਕਿਸੇ ਪੁਸਤਕ ਦੀ ਕੀਮਤ ਦਾ ਆਪ ਨੂੰ ਪਤਾ ਨਾ ਵੀ ਹੋਵੇ ਤਾਂ ਵੀ ਲਿਖ ਦਿਉ, ਜੋ ਮੁਨਾਸਬ ਕੀਮਤ ਹੋਵੇਗੀ ਲਗਾਈ ਜਾਵੇਗੀ।

(੮) ਆਰਡਰ ਦੇਣ ਵੇਲੇ ਜਾਂ ਖੁਦ ਦਰਸ਼ਨ ਦੇਣ ਵੇਲੇ [illegible] ਯਾਦ ਰਖੋ:-

ਹਰ ਕਿਸਮ ਦੇ ਜਵਾਬ ਵਾਸਤੇ ਜਵਾਬੀ ਕਾਰਡ ਜਾਂ ਟਿਕਟ ਭੇਜਣੀ ਜ਼ਰੂਰੀ ਹੈ।

ਗਿਆਨੀ, ਵਿਦਵਾਨੀ ਤੇ ਬੁਧੀਮਾਨੀ ਦੀ ਸੂਚੀ ਪੱਤ੍ਰ ਇਕ ਅਨੇ ਦਾ ਟਿਕਟ ਭੇਜ ਕੇ ਮੁਫਤ ਮੰਗਾਓ।

ਕਈ ਦੁਕਾਨਦਾਰ ਗਾਹਕਾਂ ਨੂੰ ਧੋਖਾ ਦੇਣ ਲਈ ਮਿਲਦੇ ਜੁਲਦੇ ਨਾਮ ਰਖ ਛਡਦੇ ਹਨ, ਇਸ ਲਈ ਚਿਠੀ ਮਨੀਆਰਡ, ਜਾਂ ਪੋਸਟਰ ਸਾਰਟੀਫਿਕੇਟ ਭੇਜਣ ਲਗਿਆਂ ਸਾਡਾ ਪੂਰਾ ਪਤਾ ਲਿਖਿਆ ਕਰੋ।

ਹੋਰ ਹਰ ਤਰ੍ਹਾਂ ਦੀਆਂ ਪੁਸਤਕਾਂ ਲਈ ਸਾਡਾ ਪਤਾ ਯਾਦ ਰਖੋ

ਭਾਈ ਬਖਸ਼ੀ ਸਿੰਘ ਐਂਡ ਸਨਜ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਦੁਖ ਸੁਖ

ਸ: ਸੁਜਾਨ ਸਿੰਘ ਜੀ ਦੀ ਲੇਖਣੀ ਵਿਚ ਇਕ ਅਜੀਬ ਸੁਆਦ ਹੈ, ਪੜ੍ਹਨ ਵਾਲੇ ਦਾ ਮਨ ਇਕ ਇਕ ਅਖਰ ਨਾਲ ਦੌੜਦਾ ਚਲਾ ਜਾਂਦਾ ਹੈ ਅਤੇ ਜ਼ਬਾਨ ਦੀ ਸੁਚੱਜਤਾ ਤੇ ਖਿਆਲ ਦੀ ਉਚਤਾ ਇਕ ਉਚੇਚਾ ਹੁਲਾਰਾ ਦਈ ਜਾਂਦੀ ਹੈ। ਦੁਖ-ਸੁਖ ਵਿਚ ਅੰਕਿਤ ਕੀਤੇ ਗਏ ਸਾਹਿਤਕ ਸਵਾਦ ਦੀ ਜਿੰਨੀ ਤਾਰੀਫ਼ ਕੀਤੀ ਜਾਏ ਥੋੜੀ। ਮੁਲ ੧।।।)

## ਚੰਗਿਆੜੇ

ਨੰਦ ਲਾਲ ਨੂਰ ਪੁਰੀ ਕਰਤਾ ਵੰਗਾਂ ਤੇ ਜੀਉਂਦਾ ਪੰਜਾਬ

ਨੰਦ ਲਾਲ ਨੂਰ ਪੁਰੀ ਦੀ ਲਿਖੀ ਹੋਈ ਕਿਤਾਬ ਚੰਗਿਆੜੇ ਪੜ੍ਹਕੇ ਦਿਲ ਵਜਦ ਵਿਚ ਆ ਜਾਂਦਾ ਹੈ। ਮਜ਼ਦੂਰ ਵਾਲੀ ਕਵਿਤਾ ਨੂੰ ਪੜ੍ਹਦਿਆਂ ਪੜ੍ਹਦਿਆਂ ਅਖਾਂ ਵਿਚ ਅਥਰੂ ਭਰ ਆਉਂਦੇ ਹਨ ਤੇ ਹੂ-ਬਹੂ ਮਜ਼ਦੂਰ ਦਿਆਂ ਦੁਖਾਂ ਦੀ ਭਿਆਨਕ ਤਸਵੀਰ ਅਖਾਂ ਦੇ ਅਗੇ ਆ ਜਾਂਦੀ ਹੈ।

ਕਿਤੇ ਕਿਤੇ ਬੁਲ੍ਹੇ ਵਾਂਗ ਨਚਣ ਲਗ ਪੈਂਦਾ ਹੈ, ਜਿਵੇਂ—

ਉਹ ਭੇਤ ਨਾ ਦਿਲਦਾ ਦੱਸਦਾ ਨੀਂ,<br>ਉਹ ਹਰ ਹਰ ਦੇ ਵਿਚ ਵੱਸਦਾ ਨੀਂ,

ਮੁਕਦੀ ਗੱਲ ਇਸ ਕਿਤਾਬ ਵਿਚ ਕਵਿਤਾਵਾਂ ਦੀ ਚੋਣ ਸੋਹਣੀ ਹੈ। ਕਾਗਜ਼ ਤੇ ਜਿਲਦ ਵਲੋਂ ਵੀ ਕੋਈ ਕਸਰ ਨਹੀਂ ਛਡੀ ਗਈ।

Digitized by Panjab Digital Library | www.panjabdigilib.org

# ਸੂਲਾਂ ਦੀ ਸੇਜ

ਸ: ਨਾਨਕ ਸਿੰਘ ਜੀ ਨਾਵਲਿਸਟ
ਕਰਤਾ ਪਾਪ ਦੀ ਖੱਟੀ

ਇਹ ਨਾਵਲ ਅਜ ਕਲ ਦੇ ਪਿੰਡਾਂ ਦਾ ਅਸਲੀ ਫੋਟੋ ਹੈ, ਇਸ ਨੂੰ ਪੜ੍ਹਿਆਂ ਪਿੰਡਾਂ ਦੇ ਹੂ-ਬ-ਹੂ ਨਕਸ਼ੇ ਅਖਾਂ ਅਗੇ ਆ ਜਾਂਦੇ ਹਨ। ਇਤਫਾਕ ਦੀ ਬਰਕਤ ਦਾ ਪਰਤੱਖ ਪਰਮਾਣ ਹੈ। ਘਰੋਗੀ ਜੀਵਨ ਨੂੰ ਸੁਖੀ ਬਣਾਉਣ ਲਈ ਇਸ ਨੂੰ ਪੜ੍ਹੋ। ਇਸ ਨੂੰ ਪੜ੍ਹਿਆਂ ਤੁਸੀਂ ਕਰਤਾ ਜੀ ਦੇ ਸਭ ਨਾਵਲ ਭੁਲ ਜਾਵੋਗੇ, ਇਹ ਨਾਵਲ ਆਪਣੀ ਮਿਸਾਲ ਆਪ ਹੀ ਹੈ, ਮੁਲ ੧।)

# ਪਰਚਾਰ ਸਾਗਰ

ਰਚਿਤ-ਗਿਆਨੀ ਇੰਦਰ ਸਿੰਘ ਜੀ

ਅਜ ਤਕ ਕੋਈ ਅਜਿਹੀ ਪੁਸਤਕ ਨਹੀਂ ਛਪੀ, ਜਿਸ ਵਿਚ ਕੌਮੀ ਬਜ਼ੁਰਗਾਂ, ਸਿਦਕੀ ਸ਼ਹੀਦਾਂ ਤੇ ਗੁਰਸਿਖਾਂ ਦੇ ਵਾਰਤਕ ਪਰਸੰਗ ਹੋਣ, ਉਪਰਲੇ ਨਾਮ ਦੀ ਪੁਸਤਕ ਵਿਚ ਇਹ ਘਾਟਾ ਪੂਰਾ ਕਰ ਦਿਤਾ ਹੈ। ਇਸ ਦੀਆਂ ਪਹਿਲੀਆਂ ਐਡੀਸ਼ਨਾਂ ਮੁਕਣ ਤੋਂ ਪਿਛੋਂ ਲੋਕ ਤੰਘ ਰਹੇ ਸਨ। ਹੁਣ ਤੀਜੀ ਵਾਰੀ ਅਗੇ ਨਾਲੋਂ ਵੱਡੀ ਕਰਕੇ ਛਾਪੀ ਗਈ ਹੈ। ਇਸ ਵਿਚ ੫੨ ਗੁਰਸਿਖਾਂ ਦੇ ਵਾਰਤਕ ਪਰਸੰਗ ਹਨ। ਭੇਟਾ ੧।) ਡਾਕ ਖਰਚ ਵਖਰਾ। ਲੈਕਚਰਾਰਾਂ ਤੇ ਵਿਦਿਆਰਥੀਆਂ ਵਾਸਤੇ ਅਦੁਤੀ ਸੁਗਾਤ ਹੈ।

Digitized by Panjab Digital Library | www.panjabdigilib.org

# ਪੰਜਾਬਣ ਦੇ ਗੀਤ

## ਹਰਭਜਨ ਸਿੰਘ

ਰਸ ਅਤੇ ਰੋਮਾਂਸ ਵਿਚ ਭਿਜੇ ਹੋਏ ਉਹ ਗੀਤ ਜਿਨ੍ਹਾਂ ਦੀ ਸਤਰ ਸਤਰ ਵਿਚੋਂ ਪੰਜਾਬ ਦੀ ਆਤਮਾਂ ਖੇਲ ਰਹੀ ਹੈ। ਸ: ਹਰਭਜਨ ਸਿੰਘ ਜੀ ਇਸ ਦੇ ਸੰਗ੍ਰਹਿ ਕਰਤਾ ਹਨ। ਪੁਰਾਣੇ ਗੀਤਾਂ ਦੀ ਇਕ ਇਕ ਤੁਕ ਸਾਂਭਣ ਵਾਲੀ ਹੈ।ਇਹ ਸਾਡੇ ਕਵਿਤਾ ਸਾਹਿਤ ਦੀ ਨੀਂਹ ਹਨ, ਇਸ ਵਿਚ ਸਾਡੀ ਸਭਿੱਯਤਾ ਦੀਆਂ ਅਜ ਕਲ ਤਕ ਦੀਆਂ ਸਾਰੀਆਂ ਮੰਜ਼ਲਾਂ ਦਿਸ ਆਉਂਦੀਆਂ ਹਨ, ਇਸ ਖਿਆਲ ਨਾਲ਼ ਇਕ ਇਕ ਗੀਤ ਟੈਕਸਲਾ, ਮਹਿੰਜੋਦਾਰੋ ਤੇ ਹੜੱਪੇ ਦੀਆਂ ਬਸਤੀਆਂ ਵਾਂਗ ਪੁਟ ਕੇ ਲਭਣ ਤੇ ਸਾਂਭੇ ਜਾਣ ਦੇ ਲਾਇਕ ਹੈ, ਇਨ੍ਹਾਂ ਵਿਚ ਕਵਿਤਾ ਤੇ ਵਲਵਲਿਆਂ ਤੋਂ ਇਲਾਵਾ ਸਾਡਾ ਇਤਿਹਾਸ ਸਾਂਭਿਆ ਪਿਆ ਹੈ। ਉਹ ਇਤਿਹਾਸ ਜੋ ਸੰਸਾਰ ਦੀਆਂ ਉੱਨਤ ਕੌਮਾਂ ਦੇ ਮੁਕਾਬਲੇ ਸਾਨੂੰ ਸ਼ਰਮਿੰਦਾ ਨਹੀਂ ਹੋਣ ਦਿੰਦਾ।

## ਪ੍ਰੇਮ ਫੁਲਵਾੜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਭਾਈ ਸਾਹਿਬ ਭਾ: ਨੰਦ ਲਾਲ ਜੀ ਦੀ ਰਚਿਤ ਪੁਸਤਕ ਦੀਵਾਨ ਗੋਯਾ ਦਾ ਪੰਜਾਬੀ ਅਨੁਵਾਦ।

ਅਨੁਵਾਦਕ ਮੁਨਸ਼ੀ ਮੇਘ ਰਾਜ ਜੀ ਮੁਲ ੨)

ਪਤ —ਭਾਈ ਬਖਸ਼ੀ ਸਿੰਘ ਐਂਡ ਸਨਜ
ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਨੂਰੀ ਜੋਤਾਂ

## ਸਰਦਾਰ ਅਵਤਾਰ ਸਿੰਘ

ਇਸ ਪੁਸਤਕ ਵਿਚ ਦਸ ਗੁਰੂ ਸਾਹਿਬਾਨ, ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ, ਮਹਾਰਾਜਾ ਰਣਜੀਤ ਸਿੰਘ ਤੇ ਹੋਰ ਬਹੁਤ ਸਾਰੀਆਂ ਇਤਿਹਾਸਕ ਕਵਿਤਾਵਾਂ ਹਨ। ਇਸ ਪੁਸਤਕ ਨਾਲ ਪੰਜਾਬੀ ਸੰਸਾਰ ਵਿਚ ਅਮੋਲਕ ਵਾਧਾ ਹੋਇਆ ਹੈ। ਮੁਲ ੧।)

ਲਾਲਾ ਨੰਦ ਲਾਲ 'ਨੂਰਪੁਰੀ' ਰਚਿਤ
ਗੀਤਾਂ ਦਾ ਨਵੇਂ ਸੰਗ੍ਰਹਿ

# ਜੀਉਂਦਾ ਪੰਜਾਬ

ਇਹ ਪੁਸਤਕ ਨੂਰਪੁਰੀ ਦੇ ਮਸ਼ਹੂਰ ਤੇ ਚੋਣਵੇਂ ਗੀਤਾਂ ਦਾ ਸੰਗ੍ਰਹਿ ਹੈ, ਇਸ ਦੀ ਇਕ ਇਕ ਸਤਰ ਆਪ ਜੀ ਨੂੰ ਜੀਵਨ ਹਿਲੋਰਾ ਦੇਵੇਗੀ। (ਮੈਂ ਵਤਨ ਦਾ ਸ਼ਹੀਦ ਹਾਂ ਮੇਰੀ ਯਾਦ ਭੁਲਾ ਦੇਣੀ) ਇਸੇ ਕਿਤਾਬ ਵਿਚ ਹੈ।

# ਪਾਪ ਦੀ ਖੱਟੀ

ਰਚਿਤ ਸ: ਨਾਨਕ ਸਿੰਘ ਕਰਤਾ ਸੂਲਾਂ ਦੀ ਸੇਜ

ਪਾਪ ਦੀ ਖੱਟੀ, ਪੜ੍ਹਦਿਆਂ ਬਚਿਆਂ, ਨੌਜਵਾਨਾਂ ਤੇ ਇਸਤਰੀਆਂ ਲਈ ਇਕ ਵਧੀਆ ਨਾਵਲ ਹੈ। ਇਹ ਲੋਕ ਆਪਣੀ ਅਨੁਮਾਨ ਸ਼ਕਤੀ ਨੂੰ ਭੂਤ ਤੇ ਭਵਿਖਤ ਵਿਚ

Digitized by Panjab Digital Library | www.panjabdigilib.org

ਲਿਜਾ ਕੇ ਬੜੇ ਖੁਸ਼ ਹੁੰਦੇ ਹਨ । ਇਸ ਤਰਾਂ ਮਿਥਣ ਦੀ ਤਾਕਤ ਇਨ੍ਹਾਂ ਵਿਚ ਆ ਜਾਂਦੀ ਹੈ ਅਤੇ ਕਿਸ ਨੂੰ ਪਤਾ ਹੈ ਕਿ ਇਸ ਨਾਵਲ 'ਪਾਪ ਦੀ ਖੱਟੀ' ਤੋਂ ਪਰੇਰਨਾ ਲੈ ਕੇ ਕੋਈ ਪੰਜਾਬੀ ਦਾ 'ਡਿਕਨਜ਼' 'ਸਟੀਵਨਸਨ' 'ਹਾਰਜੀ' ਜਾਂ 'ਵੈਲਜ਼' ਬਣ ਜਾਏ । ਇਸ ਨਾਵਲ ਵਿਚ ਪਤੀ-ਭਗਤੀ ਅਤੇ ਉਚਾ ਇਖਲਾਕ ਸਿਖਾਉਣ ਵਾਸਤੇ ਬਹੁਤ ਜ਼ੋਰ ਲਾਇਆ ਗਿਆ ਹੈ। ਇਹ ਸਹਿਜ ਸੁਭਾਇ ਪਾਠਕਾਂ ਤੇ ਅਸਰ ਕਰੇਗਾ। ਸਮਾਜ ਦੀਆਂ ਭੈੜੀਆਂ ਰਸਮਾਂ ਤੇ 'ਪਾਪ ਦੀ ਖੱਟੀ' ਦੇ ਭੈੜੇ ਨਤੀ-ਜਿਆਂ ਦਾ ਵਰਨਣ ਦਿਲ ਚੀਰਵੇਂ ਢੰਗ ਨਾਲ ਕੀਤਾ ਹੈ। ਇਹ ਇਕ ਸਮਾਜਕ ਨਾਵਲ ਹੈ।

# ਗਰੀਬ ਹਿੰਦੁਸਤਾਨ

ਲੇਖਕ–ਡਾ: ਹਰਦਿਤ ਸਿੰਘ ਢਿਲੋਂ, ਐਮ. ਏ. ਪੀ. ਐਚ. ਡੀ.

ਸਾਡਾ ਦੇਸ ਦੁਨੀਆਂ ਵਿਚ ਸਭ ਤੋਂ ਗਰੀਬ ਕਿਉਂ ਹੈ? ਇਸ ਦੀ ਮਾਲੀ ਹਾਲਤ ਦਿਨੋ ਦਿਨ ਕਮਜ਼ੋਰ ਕਿਉਂ ਹੋ ਰਹੀ ਹੈ ? ਕੀ ਇਸ ਦੀ ਗਰੀਬੀ ਦੂਰ ਕਰਨ ਦਾ ਕੁਝ ਉਪਾ ਹੋ ਸਕਦਾ ਹੈ ? ਅੰਗਰੇਜ਼ੀ ਹਕੂਮਤ ਤੋਂ ਪਹਿਲਾਂ ਸਾਡੇ ਦੇਸ ਦੀ ਕੀ ਹਾਲਤ ਸੀ ? ਅਜਿਹੇ ਪ੍ਰਸ਼ਨਾਂ ਦੇ ਉਤਰ ਇਸ ਪੁਸ-ਤਕ ਵਿਚ ਯੋਗਤਾ ਨਾਲ ਦਿਤੇ ਗਏ ਹਨ। ਇਹ ਪੁਸਤਕ ਵਿਦਿਆਰਥੀਆਂ, ਅਧਿਆਪਕਾਂ, ਪਬਲਿਕ ਲੈਕਚਰਾਰਾਂ ਅਤੇ ਆਮ ਜਨਤਾ ਲਈ ਬਹੁਤ ਲਾਭ-ਦਾਇਕ ਹੈ। ਕੋਈ ਲਾਇ-ਬਰੇਰੀ ਇਸ ਤੋਂ ਖਾਲੀ ਨਹੀਂ ਰਹਿਣੀ ਚਾਹੀਦੀ।

Digitized by Panjab Digital Library | www.panjabdigilib.org

## ਆਤਮਕ ਸ਼ਕਤੀ ਨੂੰ ਵਧਾਉਣ ਦੀਆਂ

# ਨਵੀਆਂ ਕਿਤਾਬਾਂ

## ਮਿਸਮ੍ਰੇਜ਼ਮ ਦਰਸ਼ਨ ਤੇ ਮੋਹਨ ਵਿਦਿਆ ਸ਼ਾਸਤ੍ਰ

ਮਨ ਨੂੰ ਏਕਾਗਰ ਕਰਨ ਦੇ ਸੌਖੇ ਅਤੇ ਬਿਲਕੁਲ ਨਵੇਂ ਤਰੀਕੇ ਆਤਮਕ ਸ਼ਕਤੀ ਨਾਲ ਅਪਣੇ ਰੁਸੇ ਹੋਏ ਪ੍ਰੀਤਮ ਨੂੰ, ੧ ਕੋਈ ਚੀਜ਼ ਸੁੰਘਾ ਵਸ ਕਰਨਾ, ੨ ਕੋਈ ਚੀਜ਼ ਖੁਆਕੇ ਵਸ ਕਰਨਾ, ੩ ਕੋਈ ਚੀਜ਼ ਧੂੜਕੇ ਵਸ ਕਰਨਾ, ਅਫਸਰ ਨੂੰ ਮੇਹਰਬਾਨ ਕਰਨਾ, ਖੁਸੀ ਹੋਈ ਮੁਲਾਜ਼ਮਤ ਨੂੰ ਹਾਸਲ ਕਰਨਾ, ਵਿਗੜ ਚੁਕੇ ਕਾਰੋਬਾਰ ਨੂੰ ਠੀਕ ਕਰਨਾ, ਇਹ ਪੁਸਤਕ ਆਪ ਜੀ ਲਈ ਅਦੁਤੀ ਤੋਹਫਾ ਹੋਵੇਗਾ। ਇਹ ਪੁਸਤਕ ਕਈ ਠਗਾਂ ਤੋਂ ਤੁਹਾਨੂੰ ਬਚਾਵੇਗੀ ਮੁਲ ੧॥) ਅਜੇ ਹੀ ਮੰਗਾਓ

ਪਤਾ—ਭਾਈ ਬਖਸ਼ੀ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

## ਆਸਾ ਦੀ ਵਾਰ ਸਟੀਕ

ਸ: ਸ: ਅਮੋਲ ਪ੍ਰਿੰਸੀਪਲ ਗੁਰੂ ਰਾਮ ਦਾਸ ਕਾਲਜ

ਇਹ ਟੀਕਾ ਬਾਜ਼ਾਰ ਵਿਚ ਛਪ ਚੁਕੇ ਟੀਕਿਆਂ ਨਾਲੋਂ ਸੋਹਣਾ ਤੇ ਵਿਸਥਾਰ ਪੂਰਬਕ ਹੈ, ਹਰ ਤੁਕ ਦੇ ਵਖੋ ਵੱਖ ਅਰਥ ਕੀਤੇ ਗਏ ਹਨ।

## ਦਲਜੀਤ ਕੌਰ

ਡਾ: ਸਰਦੂਲ ਸਿੰਘ ਜੀ

ਇਸ ਪੁਸਤਕ ਵਿਚ ਸੂਰਬੀਰ ਸਿੰਘਣੀ ਦੇ ਦਰਦ ਭਰੇ ਹਾਲਾਤ ਬੜੇ ਦਿਲ-ਚੀਰਵੇਂ ਢੰਗ ਨਾਲ ਇਕਠੇ ਕੀਤੇ ਗਏ ਹਨ। ਇਹ ਹਰ ਸਿਖ ਘਰਾਣੇ ਵਿਚ ਹੋਣੀ ਚਾਹੀਦੀ ਹੈ।

## ਕੋਹਿਨੂਰ ਪੰਜਾਬੀ ਲੇਖ

(ਗਿਆਨੀ ਗੁਪਾਲ ਸਿੰਘ)

[ਸ: ਨਾਨਕ ਸਿੰਘ ਜੀ ਨਾਵਲਿਸਟ ਦੀ ਰਾਇ]

ਸੁਚੱਜੇ ਲੇਖਕਾ ਨੇ ਇਸ ਪੁਸਤਕ ਵਿਚ ਜਿਹੜੇ ੮੫ ਲੇਖ ਪੇਸ਼ ਕੀਤੇ ਹਨ। ਇਹ ਇਕ ਤੋਂ ਇਕ ਵਧ ਕੇ ਨਾ-ਕੇਵਲ ਸੁਆਦਲੇ, ਬਲਕਿ ਸਮੇਂ ਦੀ ਲੋੜ ਅਨੁਸਾਰ ਅੱਤ ਜ਼ਰੂਰੀ ਹਨ।

# ਇੰਗਲਿਸ਼ ਟੀਚਰ

ਸ: ਪ੍ਰੀਤਮ ਸਿੰਘ ਜੀ ਭਾਟੀਆ

ਆਮ ਲੋਕਾਂ ਨੂੰ ਇਹ ਸ਼ਕਾਇਤ ਸੀ ਕਿ ਪੰਜਾਬੀ ਵਿਚ ਅਜੇ ਤਕ ਕੋਈ ਵੀ ਚੰਗਾ ਇੰਗਲਿਸ਼ ਟੀਚਰ ਨਹੀਂ

Digitized by Panjab Digital Library | www.panjabdigilib.org

ਛਪਿਆ, ਜੇ ਕੋਈ ਹੈ ਵੀ ਤਾਂ ਵਿਦਿਆਰਥੀਆਂ ਦੀ ਔਕੜ ਨੂੰ ਦੂਰ ਨਹੀਂ ਕਰਦਾ। ਇਹ ਇੰਗਲਿਸ਼ ਟੀਚਰ ਹਰ ਔਕੜ ਨੂੰ ਦੂਰ ਕਰਦਾ ਹੈ। ਸੁਖੱਲਾ ਢੰਗ ਤਰਤੀਬ ਅਨੁਸਾਰ। ਇਹ ਪੁਸਤਕ ਤੁਹਾਡੇ ਬਚੇ ਦੀ ਪਿਆਰੀ ਪੁਸਤਕ ਹੋਵੇਗੀ।

ਮੁਲ ਵਾਜਬੀ ਕੇਵਲ ੧।)

## ਹਿੰਦ ਦਾ ਇਤਿਹਾਸ

(ਸ: ਕਰਤਾਰ ਸਿੰਘ ਬੀ. ਏ)

ਇਹ ਇਤਿਹਾਸ ਮਿਡਲ ਮੈਟਰਿਕ ਤੇ ਗਿਆਨੀ ਕਲਾਸ ਦੇ ਵਿਦਿਆਰਥੀਆਂ ਲਈ ਬੜੀ ਮਿਹਨਤ ਨਾਲ ਲਿਖਿਆ ਗਿਆ ਹੈ। ਸਵਾਲ ਚੋਣਵੇਂ ਤੇ ਜੁਆਬ ਬੜੇ ਢੁਕਵੇਂ ਦਿਤੇ ਗਏ ਹਨ, ਇਹੋ ਜਿਹਾ ਚੰਗਾ ਇਤਿਹਾਸ ਪੰਜਾਬੀ ਵਿਚ ਅਜੇ ਤਕ ਕੋਈ ਨਹੀਂ ਛਪਿਆ। ਵਧੀਆ ਕਾਗਜ਼, ਸੋਹਣੀ ਛਪਾਈ, ਜੇਬੀ (ਪਾਕਟ) ਸਾਈਜ਼ ਸਮੇਤ ੮ ਨਕਸ਼ਿਆਂ ਦੇ। ਮੁਲ ਸਿਰਫ ੧)

## ਅਰਸ਼ੀ ਝਾਤ

ਕਰਮ ਸਿੰਘ

ਇਸ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਗਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ ਤੇ ਹੋਰ ਬਹੁਤ ਸ ਰੇ ਪ੍ਰਸੰਗ ਹਨ।

ਹੋਰ ਹਰ ਤਰਾਂ ਦੀਆਂ ਪੁਸਤਕਾਂ ਲਈ ਸਾਡਾ ਪਤਾ ਯਾਦ ਰਖੋ

**ਭਾਈ ਬਖਸ਼ੀ ਸਿੰਘ ਐਂਡ ਸਨਜ਼**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

## ਬੱਚਿਆਂ ਲਈ ਸੁਹਣੀਆਂ ਤੇ ਸੌਖੀਆਂ

# ਕਿਤਾਬਾਂ

| | |
|---|---|
| ਗੋਪਾਲ ਪਹਿਲੀ ਪੋਥੀ | ਪ੍ਰੋ: ਦੇਵਦਤ ਗੋਪਾਲ ਐਮ ਏ. |
| ਗੋਪਾਲ ਦੂਜੀ ਪੋਥੀ | ” ” |
| ਗੋਪਾਲ ਤੀਜੀ ਪੋਥੀ | ” ” |
| ਗੋਪਾਲ ਚੌਥੀ ਪੋਥੀ | ” ” |
| ਗੋਪਾਲ ਚਿੱਠੀ ਪਤਰ | ” ” |
| ਗੋਪਾਲ ਪੰਜਾਬੀ ਲੇਖ | ” ” |
| ਮਿਠੇ ਮੇਵੇ (ਕਵਿਤਾਵਾਂ) | ਵਿਧਾਤਾ ਸਿੰਘ 'ਤੀਰ' |
| ਪਰੀਆਂ ਦਾ ਖੂਹ | ਰਜਿੰਦਰ ਸਿੰਘ ਬੀ. ਏ. |
| ਹਿੰਦ ਦਾ ਇਤਿਹਾਸ | ਕਰਤਾਰ ਸਿੰਘ ਬੀ. ਏ. |

ਜੇ ਤੁਸੀਂ ਪੰਜਾਬੀ ਦੇ ਪ੍ਰਸਿਧ ਕਵੀ ਬਾਬੂ ਫ਼ੀਰੋਜ਼ਦੀਨ ਜੀ ਸ਼ਰਫ ਦੀਆਂ ਇਸ਼ਕ ਵਿਚ ਭਿਜੀਆਂ ਦਰਦਾਂ ਵਿਚ ਡੁਬੀਆਂ, ਭਾਈਚਾਰਕ, ਇਸ਼ਕੀਆ ਤੇ ਧਾਰਮਕ ਕਵਿਤਾਵਾਂ ਦਾ ਰਸ ਮਾਨਣਾ ਚਾਹੁੰਦੇ ਹੋ ਤਾਂ ਸ਼ਰਫ ਦੀਆਂ ਰਚਿਤ ਪੁਸਤਕਾਂ

**ਜੋਗਨ, ਸ਼ਰਫ ਹੁਲਾਰੇ, ਸ਼ਰਫ ਨਿਸ਼ਾਨੀ ਤੇ ਸ਼ਰਫ ਉਡਾਰੀ ਪੜ੍ਹੋ।**

ਹੋਰ ਹਰ ਤਰ੍ਹਾਂ ਦੀਆਂ ਪੁਸਤਕਾਂ ਲਈ ਸਾਡਾ ਪਤਾ ਯਾਦ ਰਖੋ

**ਭਾਈ ਬਖਸ਼ੀ ਸਿੰਘ ਐਂਡ ਸਨਜ਼**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਬੱਚਿਆਂ ਲਈ ਬਾਲ-ਬੋਧ

( ਸ੍ਰ: ਸੁਜਾਨ ਸਿੰਘ ਬੀ. ਏ. )

ਇਸ ਬਾਲਬੋਧ ਵਿਚ ਵੀਹ ਦੇ ਲਗ ਪਗ ਸੁਨੱਖੇ ਲਾਈਨ ਬਲਾਕ ਹਨ ਤੇ ਇਹ ਬਾਲਬੋਧ ਨਵੇਂ ਤੇ ਸਾਇੰਟਿਫਿਕ ਢੰਗ ਨਾਲ ਲਿਖਿਆ ਗਿਆ ਹੈ। ਅਜ ਤਕ ਛਪ ਚੁਕੇ ਬਾਲਬੋਧਾਂ ਨਾਲੋਂ ਸੋਹਣਾ ਤੇ ਸੁਚੱਜਾ ਹੈ।

ਵਧੀਆ ਕਾਗਜ਼ ਸੁਹਣੀ ਛਪਾਈ।

ਮੁਲ =) ਸਿਰਫ

ਹੋਰ ਹਰ ਤਰਾਂ ਦੀਆਂ ਪੁਸਤਕਾਂ ਲਈ ਸਾਡਾ ਪਤਾ ਯਾਦ ਰਖੋ

ਭਾਈ ਬਖਸ਼ੀ ਸਿੰਘ ਐਂਡ ਸਨਜ

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਗੁਰਬਾਣੀ ਦੇ ਟੀਕੇ

| | |
|---|---|
| ਆਸਾ ਦੀ ਵਾਰ | ਸ: ਸ: ਅਮੋਲ |
| ਸਲੋਕ ਸ਼ੇਖ ਫਰੀਦ ਜੀ | ਪ੍ਰੋ: ਦੇਵਦਤ ਗੋਪਾਲ ਐਮ. ਏ. |
| ਸੁਖਮਨੀ ਸਾਹਿਬ | ,, ,, |
| ਜਪੁਜੀ ਸਾਹਿਬ ਸਟੀਕ | ,, ,, |
| ਸੁੰਦਰ ਗੁਟਕਾ | ਡਾਕਟਰ ਸੁੰਦਰ ਸਿੰਘ |
| ਨਿਤਨੇਮ | ,, ,, |
| ਭਟਾਂ ਦੇ ਸਵਯੇ | ਗਿਆਨੀ ਸਰਦੂਲ ਸਿੰਘ |
| ਪ੍ਰਬੋਧ ਚੰਦਰ ਨਾਟਕ | ਗਿਆਨੀ ਕਾਕਾ ਸਿੰਘ ਬੇਦੀ |
| ਪ੍ਰੇਮ ਫੁਲਵਾੜੀ | ਗਜ਼ਲਾਂ ਭਾਈ ਨੰਦ ਲਾਲ ਜੀ |
| | ਮੁਨਸ਼ੀ ਮੇਘ ਰਾਜ ਜੀ |
| ਜ਼ਫਰਨਾਮਾ | ਅਵਤਾਰ ਸਿੰਘ |

# ਧਾਰਮਕ ਪੁਸਤਕਾਂ

ਲੇਖਕ—ਸ: ਕਰਮ ਸਿੰਘ ਜੀ

**ਗੁਰ ਇਤਿਹਾਸ**—ਤਵਾਰੀਖ ਗੁਰੂ ਖਾਲਸਾ ਮੁਕੰਮਲ ਜੀਵਨ ਦਸ ਗੁਰੂ ਸਾਹਿਬ ੨॥)

**ਸਿਖ ਇਤਿਹਾਸ**—ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਤਕ ਮੁਕੰਮਲ ਇਤਿਹਾਸ ੨॥)

Digitized by Panjab Digital Library | www.panjabdigilib.org

**ਰਾਜਾ ਧਿਆਨ ਸਿੰਘ**—(ਇਤਿਹਾਸਕ ਨਾਵਲ) ਸਿਖ ਰਾਜ ਦੀ ਦਰਦਨਾਕ ਤਬਾਹੀ ੧।)

**ਰਾਣੀ ਸਾਹਿਬ ਕੌਰ**—(ਇਤਿਹਾਸਕ ਨਾਵਲ) ਰਾਣੀ ਸਾਹਿਬ ਕੌਰ ਦੀ ਅਦੁਤੀ ਕੁਰਬਾਨੀ ੧।)

**ਰੀਗੂ**—(ਇਤਿਹਾਸਕ ਨਾਵਲ) ਛੋਟੇ ਸਾਹਿਬਜ਼ਾਦਿਆਂ ਦੀ ਦਿਲ ਵਿਨ੍ਹਵੀਂ ਸ਼ਹੀਦੀ ੧।)

**ਪੰਜਾਬ ਦਾ ਸ਼ੇਰ**—(ਇਤਿਹਾਸਕ ਨਾਵਲ) ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਧਾਰਮਕ ਜੀਵਨ ੧।)

**ਮੀਰੀ ਪੀਰੀ ਦਾ ਮਾਲਕ**—ਗਿਆਨੀ ਸ਼ੇਰ ਸਿੰਘ, ਇਹ ਪੁਸਤਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਮੁਕੰਮਲ ਜੀਵਨ ਹੈ ੧।।)

## ਮਨ ਮੰਦਰ

ਤੇਜਾ ਸਿੰਘ 'ਸਾਬਰ'

ਇਹ ਪੁਸਤਕ ਸਾਬਰ ਜੀ ਦੀਆਂ ਨਿਰੋਲ ਧਾਰਮਕ ਕਵਿਤਾਵਾਂ ਦਾ ਮਨਮੋਹਨਾ ਸੰਗ੍ਰਹਿ ਹੈ ।

ਹੋਰ ਹਰ ਤਰ੍ਹਾਂ ਦੀਆਂ ਪੁਸਤਕਾਂ ਲਈ ਸਾਡਾ ਪਤਾ ਯਾਦ ਰਖੋ

**ਭਾਈ ਬਖਸ਼ੀ ਸਿੰਘ ਐਂਡ ਸਨਜ਼**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Digitized by Panjab Digital Library | www.panjabdigilib.org

ਅਸੀਂ ਤੁਹਾਨੂੰ

# ਕੀ ਕੁਝ ਭੇਜ ਸਕਦੇ ਹਾਂ ?

ਗਿਆਨੀ, ਵਿਦਵਾਨੀ ਤੇ ਬੁਧੀਮਾਨੀ ਦੇ ਕੋਰਸ ਸਹਾਇਕ ਪੁਸਤਕਾਂ, ਉਚ ਲਿਟਰੇਚਰ, ਗੁਰਬਾਣੀ ਦੇ ਸ਼ੁੱਧ ਸੁੰਦਰ ਗੁਟਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਹਰ ਮੇਲ ਦੇ ਕੜੇ ਸਟੇਨ ਲੈਸ, ਕੰਘੇ ਚਿਕੜੀ ਤੇ ਦੰਦ ਦੇ। ਸ਼ਿੰਗਾਰ ਦਾ ਸਾਮਾਨ ਹੋਰ ਜੋ ਕੁਝ ਤੁਸੀਂ ਮੰਗੋ, ਹਰ ਚੀਜ਼ ਤੁਹਾਡੀ ਮਰਜ਼ੀ ਅਨੁਸਾਰ ਹੋਵੇਗੀ, ਰੇਟ ਵਾਜਬੀ।

ਹੋਰ ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਾਉਣ ਲਈ
ਸਾਡਾ ਪਤਾ ਸਦਾ ਯਾਦ ਰਖੋ

ਭਾਈ ਬਸ਼ਖੀ ਸਿੰਘ ਐਂਡ ਸਨਜ
ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ
ਅੰਮ੍ਰਿਤਸਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org


Digitized by Panjab Digital Library | www.panjabdigilib.org

B-0694

Digitized by Panjab Digital Library | www.panjabdigilib.org

# ਜੀਵਨ ਜੋਤ

## ਸ਼ਰਤੀਆ ਲੜਕਾ ਹੋਵੇਗਾ



ਜਿਨ੍ਹਾਂ ਭੈਣਾਂ ਦੇ ਘਰ ਔਲਾਦ ਨਾ ਹੁੰਦੀ ਹੋਵੇ, ਜਾਂ ਲੜਕੀਆਂ ਹੀ ਲੜਕੀਆਂ ਹੁੰਦੀਆਂ ਹੋਣ। ਉਨ੍ਹਾਂ ਲਈ ਇਹ ਦਵਾਈ ਅਕਸੀਰ ਹੈ। ਸਾਡਾ ਦਾਹਵਾ ਹੈ ਕਿ ਜੀਵਨ ਜੋਤ ਦੇ ਵਰਤਣ ਨਾਲ ਜ਼ਰੂਰ ਲੜਕਾ ਹੋਵੇਗਾ। ਉਜੜੇ ਘਰ ਆਬਾਦ ਹੋ ਜਾਣਗੇ। ਇਸ ਦਵਾਈ ਦੀ ਜਿਸ ਭੈਣ ਨੂੰ ਲੋੜ ਹੋਵੇ ਅੱਜ ਹੀ ਖਤ ਲਿਖਕੇ ਮੰਗਵਾਏ। ਹੋਰ ਮਰਦਾਂ ਤੇ ਇਸਤ੍ਰੀਆਂ ਦੇ ਗੁਪਤ ਰੋਗਾਂ ਦਾ ਸ਼ਰਤੀਆ ਇਲਾਜ ਹੁੰਦਾ ਹੈ।

ਆਪ ਦਾ ਹਿੱਤੂ ਮੈਨੇਜਰ:-

**ਨਰੂਲਾ ਦਵਾ ਘਰ (ਰਜਿਸਟ੍ਰਡ)**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org